ਸੰਮਤ: ੫੫੭ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੨੫ ਕੱਤਕ ਸੰਨ ੨੦੨੫ Monday, 10 November

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com



# ਸਿੱਖ ਕਤਲੇਆਮ ਦਾ ਸੰਤਾਪ

*ਸ. ਕਰਤਾਰ ਸਿੰਘ ਨੀਲਧਾਰੀ*

ਜੋ ਵੀ ਹੋਵੇ ਸਰਕਾਰ ਨੇ ਪੂਰੀ ਕੋਤਾਹੀ ਨਾਲ ਹਾਲਾਤ ਨੂੰ ਕਾਬੂ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ ਸਗੋਂ ਇਸ ਕਤਲੇਆਮ ਨੂੰ ਹਿੰਦੂ-ਸਿੱਖ ਦੰਗਿਆਂ ਦਾ ਚੋਗਾ ਪੁਆਉਣ ਦੀ ਕੋਸ਼ਿਸ਼ ਅੱਜ ਤਕ ਜਾਰੀ ਰੱਖੀ ਹੋਈ ਹੈ।ਵਾਸਤਵ ਵਿਚ ਮਾਨਵਵਾਦੀ ਦ੍ਰਿਸ਼ਟੀਕੋਣ ਨਾਲ ਹਰ ਸੰਭਵ ਤਰੀਕੇ ਨਾਲ ਹਿੰਦੂ ਗੁਆਂਢੀਆਂ ਨੇ ਸਿੱਖਾਂ ਦੀ ਹਿਫ਼ਾਜਤ ਦਾ ਹੀਲਾ ਕੀਤਾ ਸੀ।ਦੰਗਈ ਦਸਤੇ ਕਿਸ ਤਰ੍ਹਾਂ ਸੰਗਠਿਤ ਕੀਤੇ ਗਏ ਸਨ, ਇਸ ਬਾਰੇ ਬਹੁਤ ਕੁਝ ਲਿਖਿਆ ਜਾ ਰਿਹਾ ਹੈ।ਦਿੱਲੀ ਦੇ ਦੰਗਿਆਂ ਵਿਚ ਭਜਨ ਲਾਲ ਨੇ ਸਰਕਾਰੀ ਮਸ਼ੀਨਰੀ ਦੀ ਕੁਵਰਤੋਂ ਤੋਂ ਵੀ ਗੁਰੇਜ਼ ਨਾ ਕੀਤਾ।

ਸੰਨ ੧੯੮੪ ਦਾ ਸਾਲ ਸਿੱਖ ਕੌਮ ਦੇ ਇਤਿਹਾਸ ਵਿਚ ਅਠਾਰ੍ਹਵੀਂ ਸਦੀ ਦੇ ਘੱਲੂਘਾਰਿਆਂ ਨੂੰ ਵੀ ਮਾਤ ਪਾ ਗਿਆ ਹੈ। ਇਹ ਦਰੁੱਸਤ ਹੈ ਕਿ ਪੰਜਾਬ ਦਾ ਖਾੜਕੂਵਾਦ ਕਾਲ-ਚੱਕਰ ਨੂੰ ਉਲਟਾ ਘੁਮਾ ਕੇ ਅਠਾਰ੍ਹਵੀਂ ਸਦੀ ਵਿਚ ਪਹੁੰਚਾ ਰਿਹਾ ਸੀ ਪਰ ਇਹ ਵੀ ਹਕੀਕਤ ਹੈ ਕਿ ਅਜੋਕੀ ਹਕੂਮਤ ਨੇ ਵੀ ਅਬਦਾਲੀ ਵਾਲੀ ਮਾਨਸਿਕਤਾ ਦਾ ਕਰੂਰ ਪ੍ਰਮਾਣ ਪੇਸ਼ ਕੀਤਾ ਸੀ। ਅਖੌਤੀ ਬਲਿਊ ਸਟਾਰ ('ਨੀਲਾ ਤਾਰਾ' ਨਾਮ ਅਕਾਲੀ ਪੰਥ ਦੇ ਨੀਲੇ ਬਾਣੇ ਦੇ ਨਿਸ਼ਾਨੇ ਨਾਲ ਧਰਿਆ ਗਿਆ ਸੀ) ਅਪ੍ਰੇਸ਼ਨ ਉਹ ਮਾਨਸਿਕਤਾ ਦਾ ਹਿਰਦੇਹੀਣ ਪਰ ਸੰਗਠਿਤ ਸ਼ਕਤੀ-ਪ੍ਰਦਰਸ਼ਨ ਸੀ, ਜਿਸ ਦੇ ਜਖ਼ਮ ਹੰਦਾਲ (ਨਿਰੰਜਨ ਰਾਇ), ਗੰਗੂ ਰਸੋਈਆ ਤੇ ਲਖਪਤ ਰਾਏ ਵਰਗਿਆਂ ਨੇ ਕਈ ਵਾਰ ਦਿੱਤੇ ਸਨ।ਇਸ ਬਲ-ਪ੍ਰਦਰਸ਼ਨ ਦੀ ਨਾਇਕਾ (ਜਾਂ ਖਲਨਾਇਕਾ) ਦੀ ਜਜ਼ਬਾਤੀ ਰੌਂਅ ਵਿਚ ਖੇਡਦੀ ਮੌਤ ਨੇ ਅਰਾਜਕਤਾ ਦਾ ਤਾਂਡਵ ਰੂਪ ਧਾਰ ਕੇ ਪਰ ਸੰਗਠਿਤ ਢੰਗ ਨਾਲ ਸਿੱਖ ਕੌਮ ਦੇ ਕਤਲੇਆਮ ਦੇ ਛੜਯੰਤ੍ਰ ਨੂੰ ਨੇਪਰੇ ਚਾੜ੍ਹਿਆ।

> **ਵਾਸਤਵ ਵਿਚ ਮਾਨਵਵਾਦੀ ਦ੍ਰਿਸ਼ਟੀਕੋਣ ਨਾਲ ਹਰ ਸੰਭਵ ਤਰੀਕੇ ਨਾਲ ਹਿੰਦੂ ਗੁਆਂਢੀਆਂ ਨੇ ਸਿੱਖਾਂ ਦੀ ਹਿਫ਼ਾਜਤ ਦਾ ਹੀਲਾ ਕੀਤਾ ਸੀ। ਜਦੋਂ ਦੇਸ਼ ਦਾ ਪ੍ਰਧਾਨ ਮੰਤਰੀ ਕਤਲ ਹੋ ਜਾਵੇ ਅਤੇ ਉਸ ਦਾ ਪੁੱਤਰ ਨਵੇਂ ਪ੍ਰਧਾਨ ਮੰਤਰੀ ਦੀ ਸਹੁੰ ਚੁੱਕ ਕੇ ਕਾਤਲਾਂ ਦੀ ਪੂਰੀ ਕੌਮ ਨਾਲ ਬਦਲੇ ਦੀ ਭਾਵਨਾ ਨਾਲ ਤਿਲਮਿਲਾ ਰਿਹਾ ਹੋਵੇ, ਉਸ ਸਮੇਂ ਸਭ ਤੋਂ ਨਜ਼ਦੀਕੀ ਹੋਮ ਮਨਿਸਟਰ ਨੂੰ 'ਨਿਮਕ ਹਲਾਲੀ' ਦਿਖਾਉਣ ਦਾ ਵਧੀਆ ਮੌਕਾ ਮਿਲਿਆ ਸੀ। ਢਾਈ ਦਿਨਾਂ ਵਿਚ ਸਿੱਖ ਕੌਮ ਦੇ ਸਿਰ ਇੰਨੇ ਸਸਤੇ ਹੋ ਗਏ ਜਿੰਨੇ ਸ਼ਾਇਦ ਮੁਗ਼ਲੀਆ ਹਕੂਮਤ ਤੇ ਅਫਗਾਨ ਹਮਲਾਵਰਾਂ ਦੇ ਰਾਜ ਵਿਚ ਵੀ ਨਾ ਹੋਏ ਹੋਣ।**

ਪਾਠਕਾਂ ਦੀ ਯਾਦ ਨੂੰ ਕੁਰੇਦ ਕੇ ੧੯੮੪ ਦੇ ਮਾਰਚ ਮਹੀਨੇ ਦੇ ਸਪਤਾਹਿਕ 'ਹਿੰਦੁਸਤਾਨ' (ਹਿੰਦੀ) ਦੇ ਇਕ ਅੰਕ ਵਿਚ ਸ੍ਰੀ ਇੰਦਰ ਕੁਮਾਰ ਗੁਜਰਾਲ ਨੇ ਲੇਖ ਵਿਚ ਪੰਜਾਬ ਨਾਲ ਹੋ ਰਹੀ ਬੇਇਨਸਾਫੀ ਤੇ ਧੱਕੇਸ਼ਾਹੀ ਦੇ ਵੇਰਵੇ ਦੇ ਕੇ ਇੰਦਰਾ ਗਾਂਧੀ ਨੂੰ ਸੁਚੇਤ ਕੀਤਾ ਸੀ ਕਿ ਪੰਜਾਬ ਦੀ ਅੱਗ ਨਾਲ ਸੇਕੀ ਜਾ ਰਹੀ ਵੋਟਾਂ ਦੀ ਰੋਟੀ ਇੰਦਰਾ ਗਾਂਧੀ ਨੂੰ ਮਹਿੰਗੀ ਪਵੇਗੀ। ਇਸੇ ਸਾਲ 'ਇੰਡੀਆ ਟੂਡੇ' ਦੇ ਇਕ ਸਤੰਬਰ ਅੰਕ ਵਿਚ ਨਾਗਪੁਰ ਵਿਚ ਹੋਏ ਯੂਥ ਕਾਂਗਰਸ ਦੇ ਸੰਮੇਲਨ ਦਾ ਵੇਰਵਾ ਛਪਿਆ ਸੀ।ਇਸ ਸੰਮੇਲਨ ਦਾ ਮੁਖੀਆ ਰਾਜੀਵ ਗਾਂਧੀ ਸੀ ਅਤੇ ੨੬੦੦੦ ਡੈਲੀਗੇਟਾਂ ਲਈ ਇੰਤਜ਼ਾਮ ਕੀਤਾ ਗਿਆ ਸੀ।ਇਸ ਵਿਚ ੨੭੦੦੦ ਡੈਲੀਗੇਟ ਆਉਣ ਦਾ ਕਿਆਸ ਲਗਾਇਆ ਗਿਆ ਸੀ ਤੇ ਇਨ੍ਹਾਂ ਨੂੰ ਪੰਜਾਬ ਤੋਂ ਬਾਹਰ ਸਿੱਖਾਂ ਨਾਲ ਨਜਿੱਠਣ ਦੀ ਵਿਸ਼ੇਸ਼ ਦੀਖਿਆ ਦਿੱਤੀ ਗਈ ਸੀ। ਇੱਥੇ ਜਲਨਸ਼ੀਲ, ਸਫੈਦ ਪਾਊਡਰ (ਸਫੈਦ ਫਾਸਫੋਰਸ) ਦੀ ਵਰਤੋਂ ਦੀ ਸੁਰੱਖਿਆਤਮਕ ਟੈਕਨੀਕ ਸਿਖਾਈ ਗਈ ਸੀ ।ਨਾਗਪੁਰ ਦੇ ਇਸ ਸੰਮੇਲਨ ਦਾ ਇਕ ਮੁੱਖ ਵਕਤਾ ਤੇ ਪ੍ਰੇਰਨਾ-ਸ੍ਰੋਤ ਭਜਨ ਲਾਲ ਸੀ, ਜੋ ੧੯੮੨ ਈ: ਦੀ ਏਸ਼ਿਆਈ ਖੇਡਾਂ ਸਮੇਂ ਹਰਿਆਣੇ ਵਿੱਚੋਂ ਗੁਜ਼ਰਦੇ ਵੱਡੇ-ਛੋਟੇ ਸਿੱਖਾਂ ਦੀ ਪਗੜੀ ਉਛਾਲ ਚੁੱਕਿਆ ਸੀ।ਮਈ ੧੯੮੪ ਵਿਚ ਪੰਜਾਬ ਕੇਸਰੀ ਗਰੁੱਪ ਦੇ ਲਾਲਾ ਜਗਤ ਨਾਰਾਇਣ ਦੇ ਪੁੱਤਰ ਸ੍ਰੀ ਰਮੇਸ਼ ਚੰਦ ਦੇ ਕਤਲ ਤੋਂ ਬਾਅਦ ਹਰਿਆਣੇ ਵਿਚ ਸਿੱਖਾਂ ਨਾਲ ਜੋ 'ਮੀਰ ਮਨੂੰ ਸ਼ਾਹੀ ਕੀਤੀ ਗਈ ਸੀ, ਉਹ ਆਦਰਸ਼ ਨਾਗਪੁਰ ਦੇ ਡੈਲੀਗੇਟਾਂ ਲਈ ਵੱਡਾ ਅਨੁਭਵ ਤੇ ਪ੍ਰੇਰਨਾ-ਸ੍ਰੋਤ ਸੀ।

ਯੂਥ ਕਾਂਗਰਸ ਦੇ ਡੈਲੀਗੇਟਾਂ ਨੂੰ ਅਰਾਜਕਤਾ ਪ੍ਰਦਰਸ਼ਨ ਲਈ ਨਾਗਪੁਰ ਵਿਚ ਜੋ ਖੁੱਲ੍ਹ ਮਿਲੀ ਉਸ ਨਾਲ ਰੈੱਡ ਲਾਈਟ ਏਰੀਆ ਦੀ ਧੰਦੇਬਾਜ਼ ਇਸਤਰੀਆਂ ਵੀ ਤੋਬਾ ਕਰ ਕੇ ਚਕਲੇ ਛੱਡ ਗਈਆਂ।ਵਾਪਸੀ ਯਾਤਰਾ ਵਿਚ ਇਨ੍ਹਾਂ ਡੈਲੀਗੇਟਾਂ ਨੇ ਰੇਲਵੇ ਸਫਰਾਂ ਵਿਚ ਧੋਤੀਆਂ, ਸਾੜੀਆਂ ਦੇ ਜੋ ਢੇਰ ਬਣਾਏ ਉਨ੍ਹਾਂ ਦੇ ਸਮਾਚਾਰ ਰੋਕੇ ਜਾਣ ਦੇ ਬਾਵਜੂਦ ਵੀ ਉਸ ਸਮੇਂ ਦੇ ਅਖ਼ਬਾਰਾਂ ਵਿਚ ਤਰਾਸ਼ੇ ਤੇ ਤਲਾਸ਼ੇ ਜਾ ਸਕਦੇ ਹਨ।ਇਹ ਪਿਛੋਕੜ ਦੇਣ ਦਾ ਭਾਵ ਇਹ ਹੈ ਕਿ ਕਾਂਗਰਸ ਪਾਰਟੀ ਵੱਲੋਂ ਪੂਰੀ ਤਿਆਰੀ ਸੀ ਕਿ ਖਾੜਕੂਆਂ ਰਾਹੀਂ ਕਿਸੇ ਲੀਡਰ ਦੀ ਹੱਤਿਆ ਤੋਂ ਬਾਅਦ ਪੰਜਾਬ ਤੋਂ ਬਾਹਰਲੇ ਸਿੱਖਾਂ ਨਾਲ ਕਿਵੇਂ ਨਜਿੱਠਣਾ ਹੈ। ਇਹ ਮੌਕਾ ਅਕਤੂਬਰ ਦੇ ਅਖੀਰ ਵਿਚ ਮਿਲ ਗਿਆ ਤੇ ਕਤਲ ਹੋਣ ਵਾਲੀ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਗਪੁਰ ਸੰਮੇਲਨ ਦੇ ਆਯੋਜਕ ਰਾਜੀਵ ਗਾਂਧੀ ਦੀ ਮਾਂ ਸੀ।

ਇੰਦਰਾ ਗਾਂਧੀ ਦੇ ਰਾਜ ਵਿਚ ਸੰਜੈ ਗਾਂਧੀ ਦੇ ਮੁੰਡਾ-ਗੁੰਡਾ ਤੱਤਾਂ ਨਾਲ ਜੁੜੇ ਸੁਆਰਥੀ ਲੋਕਾਂ ਨੇ ਰਾਜੀਵ ਗਾਂਧੀ ਦੀ ਨ-ਤਜ਼ਰਬੇਕਾਰੀ ਰਾਹੀਂ ਸੁਆਰਥਸਿਧੀ ਦਾ ਜੋ ਢੰਗ ਵਰਤਿਆ ਸੀ, ਉਸ ਭਾਵਨਾ ਨਾਲ ਉਹ ਨਾਗਪੁਰ ਸੰਮਲੇਨ ਵਿਚ ਸ਼ਰੀਕ ਹੋਏ ਸਨ । ਇਨ੍ਹਾਂ ਲੋਕਾਂ ਨੇ ਅਗਵਾਈ ਦੇ ਕੇ ਸਿੱਖਾਂ ਦੇ ਕਤਲੇਆਮ ਦਾ ਆਗਾਜ਼ ਕਰ ਦਿੱਤਾ। ਉਸ ਵਕਤ ਗ੍ਰਹਿ ਮੰਤਰੀ ਨਰਸਿਮਾ ਰਾਓ ਸੀ, ਸਾਰੀਆਂ ਜ਼ਿੰਮੇਵਾਰੀਆਂ ਨੂੰ ਭੁਲਾ ਕੇ ਸ਼ਾਇਦ ਗੁਪਤ ਰੂਪ ਵਿਚ ਕਾਤਲਾਂ ਨੂੰ ਹੀ ਨਿਰਦੇਸ਼ ਦੇ ਰਿਹਾ ਸੀ।ਜੋ ਵੀ ਹੋਵੇ ਇਸ ਨੇ ਪੂਰੀ ਕੋਤਾਹੀ ਨਾਲ ਹਾਲਾਤ ਨੂੰ ਕਾਬੂ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ ਸਗੋਂ ਇਸ ਕਤਲੇਆਮ ਨੂੰ ਹਿੰਦੂ-ਸਿੱਖ ਦੰਗਿਆਂ ਦਾ ਚੋਗਾ ਪੁਆਉਣ ਦੀ ਕੋਸ਼ਿਸ਼ ਅੱਜ ਤਕ ਜਾਰੀ ਰੱਖੀ ਹੋਈ ਹੈ।ਵਾਸਤਵ ਵਿਚ ਮਾਨਵਵਾਦੀ ਦ੍ਰਿਸ਼ਟੀਕੋਣ ਨਾਲ ਹਰ ਸੰਭਵ ਤਰੀਕੇ ਨਾਲ ਹਿੰਦੂ ਗੁਆਂਢੀਆਂ ਨੇ ਸਿੱਖਾਂ ਦੀ ਹਿਫ਼ਾਜਤ ਦਾ ਹੀਲਾ ਕੀਤਾ ਸੀ।ਜਦੋਂ ਦੇਸ਼ ਦਾ ਪ੍ਰਧਾਨ ਮੰਤਰੀ ਕਤਲ ਹੋ ਜਾਵੇ ਅਤੇ ਉਸ ਦਾ ਪੁੱਤਰ ਨਵੇਂ ਪ੍ਰਧਾਨ ਮੰਤਰੀ ਦੀ ਸਹੁੰ ਚੁੱਕ ਕੇ ਕਾਤਲਾਂ ਦੀ ਪੂਰੀ ਕੌਮ ਨਾਲ ਬਦਲੇ ਦੀ ਭਾਵਨਾ ਨਾਲ ਤਿਲਮਿਲਾ ਰਿਹਾ ਹੋਵੇ, ਉਸ ਸਮੇਂ ਸਭ ਤੋਂ ਨਜ਼ਦੀਕੀ ਹੋਮ ਮਨਿਸਟਰ ਨੂੰ 'ਨਿਮਕ ਹਲਾਲੀ' ਦਿਖਾਉਣ ਦਾ ਵਧੀਆ ਮੌਕਾ ਮਿਲਿਆ ਸੀ।

ਢਾਈ ਦਿਨਾਂ ਵਿਚ ਸਿੱਖ ਕੌਮ ਦੇ ਸਿਰ ਇੰਨੇ ਸਸਤੇ ਹੋ ਗਏ ਜਿੰਨੇ ਸ਼ਾਇਦ ਮੁਗ਼ਲੀਆ ਹਕੂਮਤ ਤੇ ਅਫਗਾਨ ਹਮਲਾਵਰਾਂ ਦੇ ਰਾਜ ਵਿਚ ਵੀ ਨਾ ਹੋਏ ਹੋਣ। ਮੁਗ਼ਲ ਤੇ ਪਠਾਣਾਂ ਦੇ ਢਾਈ ਸੌ ਸਾਲ ਦੇ ਜ਼ੁਲਮ ਦੇ ਕਾਰਨਾਮੇ ਇਨ੍ਹਾਂ ਢਾਈ ਦਿਨਾਂ ਵਿਚ ਫਿੱਕੇ ਪੈ ਗਏ।ਸੁਤੰਤਰ, ਤਥਾਕਥਿਤ ਧਰਮ-ਨਿਰਪੱਖ ਦੇ ਪਰਜਾਤੰਤਰੀ ਸਿਸਟਮ ਦੇ ਸਮਾਨ ਅਧਿਕਾਰਾਂ ਵਾਲੇ ਦੇਸ਼ ਵਿਚ, ਅੱਜ ਵੀ ਕਤਲੇਆਮ ਕਰਾਉਣ ਵਾਲੇ ਸ਼ਰ੍ਹੇਆਮ ਦਨਦਨਾ ਰਹੇ ਹਨ। ਜ਼ੁਲਮੋ-ਸਿਤਮ ਦੇ ਕਹਿਰ ਦੇ ਸ਼ਿਕਾਰ ਕਈ ਪਰਵਾਰ ਹੀ ਗਰਕ ਹੋ ਗਏ ਸਨ। ਜਿਨ੍ਹਾਂ ਦੀਆਂ ਵਿਧਵਾਵਾਂ ਤੇ ਯਤੀਮ ਬੱਚੇ ਬਚ ਗਏ ਸਨ, ਉਹ ਅੱਜ ਪੰਝੀ ਸਾਲ ਬਾਅਦ ਵੀ ਇਨਸਾਫ ਨਹੀਂ ਪਾ ਸਕੇ।ਇਸ ਦੇਸ਼ ਦੇ ਲੋਕਤੰਤਰੀ ਕਹਾਉਣ ਵਾਲੇ ਸਿਸਟਮ ਦਾ ਇਸ ਤੋਂ ਵੱਡਾ ਤੇ ਕੋਝਾ ਮਜ਼ਾਕ ਹੋਰ ਕੀ ਹੋ ਸਕਦਾ ਹੈ ?











# ਮਿਤ੍ਰ ਪਿਆਰੇ ਨੂੰ...



ਡਾ. ਇੰਦਰਜੀਤ ਸਿੰਘ ਗੋਗੋਆਣੀ

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ ॥
ਤੁਧ ਬਿਨੁ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਣਾ ॥
ਸੂਲ ਸੁਰਾਹੀ ਖੰਜਰੁ ਪਿਯਾਲਾ ਬਿੰਗ ਕਸਾਈਯਾਂ ਦਾ ਸਹਣਾ ॥
ਯਾਰੜੇ ਦਾ ਸਾਨੂੰ ਸੱਥਰੁ ਚੰਗਾ ਭੱਠ ਖੇੜਿਆਂ ਦਾ ਰਹਣਾ ॥
(ਖਿਆਲ ਪਾਤਿਸ਼ਾਹੀ ੧੦)

ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਸ਼ਬਦ ਪ੍ਰਭੂ-ਪਿਆਰ ਤੇ ਵੈਰਾਗ ਦੀ ਸਿਖਰ ਹੈ। ਦੂਜੇ ਪਾਸੇ ਸਿੱਖ ਮਾਨਸਿਕਤਾ ਵਿਚ ਰਮਿਆ ਹੋਇਆ ਉਹ ਇਤਿਹਾਸਿਕ ਹਿੱਸਾ ਹੈ ਜੋ ਚਮਕੌਰ ਸਾਹਿਬ ਦੇ ਸਾਕੇ ਤੋਂ ਬਾਅਦ ਮਾਛੀਵਾੜੇ ਦੇ ਜੰਗਲ ਦਾ ਹਾਲ ਹੈ। ਇੱਥੇ ਪੰਥ ਦਾ ਵਾਲੀ ਤੇ ਪੰਥ ਦੇ ਵਾਰਸ ਮੋਹ ਦੀਆਂ ਤੰਦਾਂ ਦਾ ਤਾਣਾ-ਬਾਣਾ ਬੁਣਦੇ ਹਨ। ਕਦੀ ਅਤਿ ਵਿਜੋਗ ਤੇ ਫਿਰ ਸੰਜੋਗ ਇਹ ਸੰਸਾਰੀ ਸਮਝਾਂ ਦੀ ਖੇਡ ਤੋਂ ਨਿਆਰਾ ਜਿਹਾ ਕਾਂਡ ਹੈ। ਦਸਮ ਪਾਤਸ਼ਾਹ ਜੀ ਦੀ ਰਾਗ-ਬੱਧ ਬਾਣੀ ਦੇ ਕੁੱਲ ੧੦ ਸ਼ਬਦਾਂ ਵਿੱਚੋਂ ਇਹ ਛੇਵਾਂ ਸ਼ਬਦ ਹੈ।

ਇਸ ਸ਼ਬਦ ਦੇ ਪਿਛੋਕੜ ਵਿਚ ਕਲਗੀਧਰ ਪਾਤਸ਼ਾਹ ਜੀ ਦੇ ਇਤਿਹਾਸਿਕ ਸਫ਼ਰ ਦਾ ਜ਼ਿਕਰ ਹੈ। ਸ੍ਰੀ ਅਨੰਦਪੁਰ ਸਾਹਿਬ ਦਾ ਤਿਆਗਣਾ, ਸਰਸਾ 'ਤੇ ਪਰਿਵਾਰ ਵਿਛੋੜਾ, ਚਮਕੌਰ ਸਾਹਿਬ ਦੀ ਅਸਾਵੀਂ ਜੰਗ ਫਿਰ ਬੇਅੰਤ ਮੁਗ਼ਲ ਫ਼ੌਜਾਂ ਨੂੰ ਵੰਗਾਰ ਕੇ ਰਾਤ ਦੇ ਹਨੇਰੇ ਸਮੇਂ ਸਤਿਗੁਰਾਂ ਦਾ ਤਾਰੇ ਦੀ ਸੇਧ 'ਤੇ ਜਾਣਾ, ਪੋਹ ਦੇ ਮਹੀਨੇ ਦੀ ਹੱਡ-ਚੀਰਵੀਂ ਸਰਦੀ ਫਿਰ ਰੋੜਾਂ ਦੇ ਸੱਥਰ 'ਤੇ ਟਿੰਡ ਦਾ ਸਿਰਹਾਣਾ ਲਾ ਕੇ ਅਰਾਮ ਕਰਨਾ ਅਤੇ ਫਿਰ ਉਸ ਪਰਮ ਪੁਰਖ ਕੇ ਦਾਸੇ ਦਾ 'ਜਗਤ ਤਮਾਸ਼ਾ' ਦੇਖਦਿਆਂ ਆਪਣੇ ਪ੍ਰਭੂ ਨੂੰ ਹਾਲ ਸੁਣਾਉਣਾ ਹੈ।

ਇਨ੍ਹਾਂ ਰਾਗ-ਬੱਧ ੧੦ ਸ਼ਬਦਾਂ ਦਾ ਮੁੱਖ ਸਿਰਲੇਖ ਸ਼ਬਦ ਹਜ਼ਾਰੇ ਪਾਤਸ਼ਾਹੀ ੧੦ਵੀਂ ਵੀ ਮਿਲਦਾ ਹੈ।

ਡਾ. ਤਾਰਨ ਸਿੰਘ ਅਨੁਸਾਰ ਸ. ਬ੍ਰਿਜਿੰਦਰ ਸਿੰਘ ਦਾ ਵਿਚਾਰ ਹੈ ਕਿ ਹਿਜਰ ਵਿਚ ਲਿਖੇ ਹੋਣ ਕਰਕੇ ਇਨ੍ਹਾਂ ਦਾ ਨਾਮ ਹਜ਼ਾਰੇ ਦੇ ਸ਼ਬਦ ਹੈ- ਹਿਜਰ ਦਾ ਭਾਵ ਵਿਛੋੜਾ ਹੈ। ਇਹ ਸ਼ਬਦ ਹਿਜਰ ਦੇ ਵਲਵਲੇ ਅਧੀਨ ਜਿਸ ਦੀ ਸਿਖਰ ਮਿਤ੍ਰ ਪਿਆਰੇ ਵਾਲੇ ਖਿਆਲ ਪਾਤਿਸ਼ਾਹੀ ੧੦ ਵਿਚ ਹੈ।
(ਸ੍ਰੀ ਦਸਮ ਗ੍ਰੰਥ ਰੂਪ ਤੇ ਰਸ, ਪੰਨਾ ੨੧੧)

'ਮਹਾਨ ਕੋਸ਼' ਅਨੁਸਾਰ ਖਯਾਲ-ਸੰਕਲਪ, ਫੁਰਨਾ। ਗਾਯਨ ਲਈ ਬਣਾਇਆ ਹੋਇਆ ਗੀਤ ਦਾ ਇਕ ਵਜ਼ਨ, ਦੇਖੋ ਖਿਆਲ ਪਾਤਸ਼ਾਹੀ ੧੦
'ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਣਾ ॥' (ਪੰਨਾ ੩੭੮)

ਉਸ ਮਿੱਤ੍ਰ ਪਿਆਰੇ ਅਕਾਲ ਪੁਰਖ ਦੀ ਸ਼ਕਤੀ ਦਾ ਵਰਣਨ ਕਲਗੀਧਰ ਪਾਤਸ਼ਾਹ ਜੀ ਨੇ ਅਨੇਕ ਵਾਰ ਕੀਤਾ ਹੈ, ਪਰ ਇਕ ਸਵੈਯਾ ਅਕਸਰ ਸੰਗਤਾਂ ਵਿਚ ਬਹੁਤ ਵਾਰ ਪੜ੍ਹਿ ਆ ਜਾਂਦਾ ਹੈ:

ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ ॥
ਸਤ੍ਰ ਅਨੇਕ ਚਲਾਵਤ ਘਾਵ ਤਉ ਤਨ ਏਕ ਨ ਲਾਗਨ ਪਾਵੈ ॥
ਰਾਖਤ ਹੈ ਅਪਨੋ ਕਰ ਦੈ ਕਰ ਪਾਪ ਸੰਬੂਹ ਨ ਭੇਟਨ ਪਾਵੈ ॥
ਔਰ ਕੀ ਬਾਤ ਕਹਾ ਕਹ ਤੋ ਸੋ ਸੁ ਪੇਟ ਹੀ ਕੇ ਪਟ ਬੀਚ ਬਚਾਵੈ ॥ (ਪਾਤਸ਼ਾਹੀ ੧੦ਵੀਂ)

ਭਾਵ ਕਿ ਉਹ ਪ੍ਰਭੂ ਰੋਗਾਂ ਤੋਂ, ਸੋਗਾਂ ਤੋਂ ਅਤੇ ਜਲ ਦੇ ਜੀਵ-ਜੰਤੂਆਂ ਤੋਂ ਬੇਅੰਤ ਢੰਗਾਂ ਨਾਲ ਬਚਾਓ ਕਰਦਾ ਹੈ। ਦੁਸ਼ਮਣ ਅਨੇਕਾਂ ਵਾਰ ਭਾਵੇਂ ਵਾਰ ਕਰੇ ਤਾਂ ਵੀ ਉਸ ਦੇ ਤਨ ਉੱਤੇ ਇਕ ਵੀ ਘਾਓ ਨਹੀਂ ਲੱਗਦਾ। ਪ੍ਰਭੂ ਆਪਣਾ ਹੱਥ ਦੇ ਕੇ ਰੱਖਿਆ ਕਰਦਾ ਹੈ ਅਤੇ ਵੈਰੀ ਦੇ ਪਾਪੀ ਸੋਚ ਨਾਲ ਕੀਤੇ ਪਾਪ ਉਸ ਤਕ ਪਹੁੰਚਦੇ ਹੀ ਨਹੀਂ। ਹੇ ਜਗਿਆਸੂ ਜਨੋਂ ! ਹੋਰਾਂ ਦੀ ਗੱਲ ਕੀ ਕਹਾਂ ਉਹ ਪ੍ਰਭੂ ਤਾਂ ਮਾਂ ਦੇ ਪੇਟ ਵਿਚ ਗਰਭ ਦੌਰਾਨ ਵੀ ਜੀਵ ਨੂੰ ਬਚਾਅ ਕੇ ਰੱਖਦਾ ਹੈ।

ਕਲਗੀਧਰ ਪਾਤਸ਼ਾਹ ਉਸ ਅਕਾਲ ਪੁਰਖ ਪਿਆਰੇ ਮਿੱਤਰ ਨੂੰ ਮੁਖ਼ਾਤਬ ਹੁੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਅਕਾਲ ਪੁਰਖ ਲਈ 'ਮਿਤ੍ਰ' ਸ਼ਬਦ ਅਨੇਕ ਵਾਰ ਆਇਆ ਹੈ। ਪੰਚਮ ਪਾਤਸ਼ਾਹ ਜੀ ਦਾ ਫ਼ਰਮਾਨ ਹੈ:

ਮਿਤ੍ਰ ਪਿਆਰਾ ਨਾਨਕ ਜੀ ਮੈ ਛਡਿ ਗਵਾਇਆ ਰੰਗਿ ਕਸੁੰਭੈ ਭੁਲੀ ॥
ਤਉ ਸਜਣ ਕੀ ਮੈ ਕੀਮ ਨ ਪਉਦੀ ਹਉ ਤੁਧੁ ਬਿਨੁ ਅਢੁ ਨ ਲਹਦੀ ॥ (ਅੰਗ ੯੬੩)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫ਼ਰਮਾਉਂਦੇ ਹਨ ਕਿ ਉਸ ਪਿਆਰੇ ਮਿੱਤਰ (ਪ੍ਰਭੂ) ਨੂੰ ਸਾਡਾ ਸੇਵਕਾਂ (ਮੁਰੀਦਾਂ) ਦਾ ਹਾਲ ਸੁਣਾ ਦੇਣਾ।

ਹੇ ਪਿਆਰੇ ਮਿੱਤਰ ਪ੍ਰਭੂ ਜੀ ! ਤੇਰੀ ਯਾਦ, ਸਿਮਰਨ ਤੇ ਸੰਜੋਗ ਤੋਂ ਬਗੈਰ ਰਜਾਈਆਂ ਦਾ ਓੜਨਾ, ਭਾਵ ਬਿਸਤਰ ਦਾ ਸਹਾਰਾ ਇਉਂ ਪ੍ਰਤੀਤ ਹੁੰਦਾ ਹੈ ਕਿ ਵਿਛੜ ਕੇ ਜੀਣਾ ਸੱਪਾਂ ਦੇ ਨਿਵਾਸ ਸਥਾਨ 'ਤੇ ਵਾਸਾ ਕਰਨ ਦੇ ਬਰਾਬਰ ਹੈ।

'ਨਾਗ ਨਿਵਾਸਾਂ ਦੇ ਰਹਣਾ' ਦੀ ਵਿਚਾਰ ਕਰਦਿਆਂ ਇਕ ਬੰਦਗੀ ਵਾਲੀ ਰੂਹ (ਬਾਬਾ ਕਰਮ ਸਿੰਘ, ਪਿੰਡ ਹੋਲਾਂਵਾਲੀ, ਜ਼ਿਲ੍ਹਾ ਫਿਰੋਜ਼ਪੁਰ) ਨੇ ਕਈ ਸਾਲ ਪਹਿਲਾਂ ਕਥਾ ਸੁਣਾਈ ਜੋ ਸ੍ਰੀ ਹਜ਼ੂਰ ਸਾਹਿਬ ਦੀ ਪੈਦਲ ਯਾਤਰਾ ਕਰਦੇ ਸਨ। ਉਹ ਕਹਿੰਦੇ ਕਈ ਵਾਰੀ ਬੇਅੰਤ ਸ਼ਬਦਾਂ ਦੇ ਅਰਥ ਸਤਿਗੁਰੂ ਕਲਾ ਵਰਤਾ ਕੇ ਸਮਝਾਉਂਦੇ ਹਨ। ਕਹਿੰਦੇ, ਜਦ ਮੈਂ ਪਹਿਲੀ ਵਾਰ ਪੈਦਲ ਯਾਤਰਾ 'ਤੇ ਚੱਲਿਆ ਤਾਂ ਹਜ਼ੂਰ ਸਾਹਿਬ ਜਾਂਦਿਆਂ ਇਕ ਪਰਵਾਸੀ ਸੱਜਣ ਮਿਲਿਆ ਤੇ ਕਹਿੰਦਾ, 'ਬਾਬਾ ਜੀ ! ਕਹਾ ਜਾ ਰਹੇ ਹੋ ?'

ਮੈਂ ਕਿਹਾ, 'ਸ੍ਰੀ ਹਜ਼ੂਰ ਸਾਹਿਬ ਯਾਤਰਾ ਲਈ' ਉਹ ਕਹਿੰਦਾ, 'ਆਗੇ ਕੈਸੇ ਜਾਉਗੇ, ਆਗੇ ਸਾਂਪੋ (ਸੱਪਾਂ) ਦੀ ਧਰਤੀ ਹੈ।'

ਮੈਂ ਕਿਹਾ, 'ਸਾਡਾ ਸਾਧਾਂ ਦਾ ਸੱਪਾਂ ਨਾਲ ਕੀ ਵੈਰ ?'

ਕਹਿੰਦੇ ਮੈਂ ਸੋਚਿਆ ਦਸ/ਵੀਹ ਸੱਪ ਹੋਣਗੇ, ਪਰ ਮੇਰਾ ਭਰਮ ਟੁੱਟ ਗਿਆ। ਅੱਗੇ ਅੱਠ-ਦਸ ਏਕੜ ਵਿਚ ਏਨੇ ਸੱਪ ਜਿਵੇਂ ਕੀੜਿਆਂ ਦੇ ਭੌਣ ਹੁੰਦੇ ਐ। ਕਹਿੰਦੇ ਮੈਂ ਵਾਹਿਗੁਰੂ ਵਾਹਿਗੁਰੂ ਕਰਦਾ ਡੰਡੀਓ ਡੰਡੀ ਲੰਘ ਗਿਆ, ਪਰ ਉਂਜ ਮੈਨੂੰ ਕਦੇ ਵੀ ਇਹ ਅਹਿਸਾਸ ਨਹੀਂ ਸੀ ਹੋਣਾ ਕਿ 'ਨਾਗ ਨਿਵਾਸਾਂ ਦੇ ਰਹਿਣਾ' ਦੇ ਸਹੀ ਅਰਥ ਕੀ ਹੋ ਸਕਦੇ ਹਨ।

ਅੱਗੇ ਸਤਿਗੁਰੂ ਜੀ ਫ਼ਰਮਾਉਂਦੇ ਹਨ ਕਿ,

ਹੇ ਪ੍ਰਭੂ ! ਤੇਰੇ ਵਿਜੋਗ ਵਿਚ ਸੁਰਾਹੀ (ਪਾਣੀ ਵਾਲੀ ਝੱਝਰ) ਸੂਲ ਦੀ ਤਰਾਂ ਅਤੇ ਪਾਣੀ ਦਾ ਪਿਆਲਾ- ਖੰਜਰ (ਛੋਟੀ ਕਟਾਰੀ) ਦੀ ਤਰ੍ਹਾਂ ਦੁਖਦਾਈ ਲੱਗਦਾ ਹੈ, ਇਹ ਦੁੱਖ ਕਸਾਈਆਂ ਦੇ ਬਿੰਗ (ਖ਼ਮ, ਟੇਢ- ਮਹਾਨ ਕੋਸ਼) ਸਹਿਣ ਦੇ ਬਰਾਬਰ ਹੈ। ਮਹਾਨ ਕੋਸ਼ ਦੇ ਕਰਤਾ ਨੇ ਬਿੰਗ' ਦੇ ਭਾਵ ਅਰਥ ਇਹ ਵੀ ਕੀਤੇ ਹਨ: 'ਵਯੰਗਵਾਕਯ ਕਸਾਈਆਂ ਦੇ ਕਸਟ ਤੁਲਯ ਹਨ।'

ਅੰਤ ਸਤਿਗੁਰੂ ਜੀ ਫਰਮਾਉਂਦੇ ਹਨ ਕਿ, ਹੇ ਪ੍ਰਭੂ ! ਜੇ ਤੂੰ ਸਾਡੇ ਅੰਗ-ਸੰਗ ਹੈਂ ਤਾਂ ਸਾਨੂੰ ਸੱਥਰ (ਜ਼ਮੀਨ 'ਤੇ ਲੇਟਣਾ) ਵੀ ਭਲਾ ਹੈ, ਪਰ ਵਿਜੋਗ ਵਿਚ ਜਿਊਣਾ ਭੱਠ ਪੈਣ ਦੇ ਸਮਾਨ ਹੈ, ਭਾਵੇਂ ਸੰਸਾਰੀ ਲੱਖ ਖ਼ੁਸ਼ੀਆਂ ਖੇੜੇ ਹੋਣ।

# ਕੁ.ਫਰ ਟੂਟਾ ਖ਼ੁਦਾ ਖ਼ੁਦਾ ਕਰ ਕੇ

ਜੂਨ ੧੯੮੪ ਵਿਚ ਸਿੱਖਾਂ ਨਾਲ, 'ਜੱਗੋਂ ਤੇਰ੍ਹਵੀਂ' ਹਿੰਦ ਸਰਕਾਰ ਨੇ ਕੀਤੀ; ਜਦੋਂਕਿ ਸਮੁੱਚੀ ਸਿੱਖ ਕੌਮ ਉੱਪਰ ਫੌਜਾਂ ਇਉਂ ਚਾੜ੍ਹ ਦਿੱਤੀਆਂ ਜਿਵੇਂ ਕਿਤੇ ਉਹ ਆਪਣੇ ਦੇਸ਼ ਦੇ ਗੁਰਧਾਮਾਂ ਅੰਦਰ, ਪਰਵਾਰਾਂ ਸਣੇ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਨਾ ਮਨਾ ਰਹੇ ਹੋਣ ਸਗੋਂ ਦੁਸ਼ਮਣਾਂ ਦੀ ਹਮਲਾਵਰ ਫੌਜ ਹੋਵੇ। ਖ਼ੈਰ, ਇਸ ਬਾਰੇ ਦੁਨੀਆਂ ਦੇ ਨਿਰਪੱਖ ਸੂਝਵਾਨਾਂ ਵੱਲੋਂ, ਪਿਛਲੇ ਸਾਲਾਂ ਦੇ ਸਮੇਂ ਦੌਰਾਨ, ਬਹੁਤ ਕੁਝ ਕਿਹਾ-ਸੁਣਿਆ ਗਿਆ ਹੈ।



ਹਿੰਦ ਦੇ ਰੱਖਿਆ ਮੰਤਰੀ, ਸ਼੍ਰੀ ਜਾਰਜ ਫਰਨਾਂਡੇਜ਼ ਨੇ ਆਖ ਕੇ, ਲਗਾਤਾਰ ਹਿੰਦ ਸਰਕਾਰ ਵੱਲੋਂ ਵਾਰ-ਵਾਰ ਬੋਲੇ ਜਾ ਰਹੇ ਝੂਠ ਦਾ ਭਾਂਡਾ ਚੌਰਾਹੇ ਦੇ ਵਿਚ ਭੰਨਿਆ। ਸਰਕਾਰ ਕਹਿੰਦੀ, ਲਿਖਦੀ ਤੇ ਬੋਲਦੀ ਆ ਰਹੀ ਸੀ ਕਿ ਸ੍ਰੀ ਦਰਬਾਰ ਸਾਹਿਬ ਉੱਪਰ ਜੂਨ ੧੯੮੪ ਵਿਚ ਕੀਤੇ ਗਏ ਫੌਜੀ ਹਮਲੇ ਦੌਰਾਨ, ੭ ਜੂਨ ਵਾਲੇ ਦਿਨ 'ਅੱਤਵਾਦੀਆਂ' ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਸਥਿਤ, ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਅੱਗ ਲਾ ਕੇ ਸਾੜ ਦਿੱਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸ ਸਮੇਂ ਦੇ ਪ੍ਰਧਾਨ ਜਥੇ. ਗੁਰਚਰਨ ਸਿੰਘ ਟੌਹੜਾ ਨੇ ਆਪਣੇ ਵਸੀਲਿਆਂ ਰਾਹੀਂ ਇਸ ਸਚਾਈ ਦਾ ਪਤਾ ਲਾ ਲਿਆ ਸੀ ਕਿ ਲਾਇਬ੍ਰੇਰੀ ਸਾੜੀ ਨਹੀਂ ਗਈ ਬਲਕਿ ਉਸ ਵਿਚਲਾ ਸਾਹਿਤ ਕੱਢ ਕੇ ਬਾਕੀ ਘੱਟ ਜ਼ਰੂਰੀ ਸਮਝੇ ਗਏ ਕਾਗਜ਼ਾਂ ਨੂੰ ਅੱਗ ਲਾ ਕੇ ਅੱਤਵਾਦੀਆਂ' ਦੁਆਰਾ ਲਾਇਬ੍ਰੇਰੀ ਸਾੜਨ ਦਾ ਡਰਾਮਾ ਰਚਿਆ ਗਿਆ ਸੀ ਤਾਂ ਕਿ ਸਿੱਖ ਸੰਗਤਾਂ ਦੇ ਅੱਖੀਂ ਘੱਟਾ ਪਾਇਆ ਜਾ ਸਕੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਿੰਦ ਸਰਕਾਰ ਨੂੰ ਮੁੜ-ਮੁੜ ਚਿੱਠੀਆਂ ਲਿਖ ਕੇ ਲਾਇਬ੍ਰੇਰੀ ਦੀ ਮੰਗ ਕੀਤੀ ਜਾਂਦੀ ਰਹੀ ਹੈ ਪਰ ਸਰਕਾਰ ਟੱਸ ਤੋਂ ਮੱਸ ਨਹੀਂ ਹੋਈ। ਕਿਸੇ ਚਿੱਠੀ ਦਾ ਜਵਾਬ ਤਕ ਨਹੀਂ ਦਿੱਤਾ। ਮੰਨਿਆ ਹੀ ਨਹੀਂ ਕਿ ਕੋਈ ਚਿੱਠੀ ਮਿਲੀ ਵੀ ਹੈ। ਇਕ ਐਮ. ਪੀ. ਸ. ਜਗਮੀਤ ਸਿੰਘ ਨੇ ਲੋਕ ਸਭਾ ਵਿਚ ਕੀਤੀ ਗਈ ਆਪਣੀ ਤਕਰੀਰ ਦੌਰਾਨ ਇਹ ਭੇਦ ਵੀ ਖੋਲ੍ਹਿਆ ਕਿ ਮੇਰਠ ਦੇ ਮਿਲਟਰੀ ਹੈਡ ਕੁਆਰਟਰਜ਼ ਵਿਚ ਫੌਜੀ ਹਿਫ਼ਾਜ਼ਤ ਅੰਦਰ ਰੱਖੀ ਗਈ ਲਾਇਬ੍ਰੇਰੀ ਸਿੱਖ ਕੌਮ ਨੂੰ ਵਾਪਸ ਕੀਤੀ ਜਾਵੇ ਤੇ ਨਾਲ ਹੀ ਇਸ ਭਿਆਨਕ ਗੁਨਾਹ ਦੀ ਸਿੱਖ ਕੌਮ ਪਾਸੋਂ ਸਰਕਾਰ ਮੁਆਫ਼ੀ ਮੰਗੇ। ਸਰਕਾਰ ਨੇ ਸਪੀਚ ਸੁਣ ਲਈ ਪਰ ਹਾਂ ਜਾਂ ਨਾਂਹ ਵਿਚ ਕੋਈ ਉੱਤਰ ਨਹੀਂ ਸੀ ਵਾਚਿਆ। ਇਸ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਧੀ ਰੱਖਿਆ ਮੰਤਰਾਲੇ ਨੂੰ ਚਿੱਠੀਆਂ ਲਿਖਣ ਲੱਗ ਪਈ। ਅਖੀਰ ਵਿਚ ਭਾਰਤ ਦੇ ਰੱਖਿਆ ਮੰਤਰੀ, ਸ਼੍ਰੀ ਜਾਰਜ ਫਰਨਾਂਡੇਜ਼ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੱਸਿਆ ਹੈ ਕਿ ਲਾਇਬ੍ਰੇਰੀ ਹੈ ਪਰ ਉਸ ਦੇ ਮੰਤਰਾਲੇ ਪਾਸ ਨਹੀਂ ਸਗੋਂ ਸੀ. ਬੀ. ਆਈ. ਪਾਸ ਹੈ ਤੇ ਇਸ ਦੀ ਪ੍ਰਾਪਤੀ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿੱਧੀ ਸੰਬੰਧਤ ਮੰਤਰਾਲੇ ਨਾਲ ਲਿਖਾ-ਪੜ੍ਹੀ ਕਰਨੀ ਚਾਹੀਦੀ ਹੈ।

ਸਵਾਲ ਉੱਠਦਾ ਹੈ ਕਿ ਇੰਨੇ ਸਾਲਾਂ ਪਿੱਛੋਂ ਇਕ ਸਰਕਾਰੀ ਵਜ਼ੀਰ ਨੇ ਇਸ ਸੱਚਾਈ ਨੂੰ ਹੁਣ ਕਿਉਂ ਕਬੂਲ ਕੀਤਾ ਜਦੋਂਕਿ ਪਿਛਲੀਆਂ ਸਰਕਾਰਾਂ, ਸਮੇਤ ਪਾਰਲੀਮੈਂਟ ਦੇ, ਸਾਰੀ ਦੁਨੀਆਂ ਨੂੰ ਇਸ ਬਾਰੇ ਝੂਠ ਬੋਲ ਤੇ ਝੂਠ ਲਿਖ ਕੇ ਗੁੰਮਰਾਹ ਕਰਦੀਆਂ ਆ ਰਹੀਆਂ ਸਨ! ਕੀ ਇਸ ਸੱਚਾਈ ਨੂੰ ਕਬੂਲਣ ਦੇ ਪਿੱਛੇ ਕਿਤੇ ਸ਼੍ਰੀ ਫਰਨਾਂਡੇਜ਼ ਦੀ ਆਪਣੀ ਨਿੱਜੀ ਸ਼ਖਸੀਅਤ ਹੀ ਤਾਂ ਕਾਰਨ ਨਹੀਂ! ਸੁਣਦੇ ਸਾਂ ਕਿ ੧੯੭੫ ਵਿਚ ਇੰਦਰਾ ਗਾਂਧੀ ਵੱਲੋਂ ਲਗਾਈ ਗਈ ਐਮਰਜੈਂਸੀ ਦੌਰਾਨ, ਆਪਣੀ ਗ੍ਰਿਫਤਾਰੀ ਤੋਂ ਬਚਣ ਲਈ, ਸ਼੍ਰੀ ਫਰਨਾਂਡੇਜ਼ ਇਕ ਸਿੱਖ ਦੇ ਭੇਸ ਵਿਚ ਵਿਚਰਦੇ ਰਹੇ ਸਨ ਤੇ ਕੁਦਰਤੀ ਹੈ ਕਿ ਇਸ ਦੌਰਾਨ ਸਿੱਖ ਵਿਅਕਤੀਆਂ ਅਤੇ ਸਿੱਖ ਸੰਸਥਾਵਾਂ ਦੇ ਸੰਪਰਕ ਵਿਚ ਆਉਣ ਸਦਕਾ, ਸ਼੍ਰੀ ਚੰਦਰ ਸ਼ੇਖਰ ਵਾਂਗ ਇਨ੍ਹਾਂ ਦੇ ਦਿਲ ਵਿਚ ਵੀ ਸਿੱਖਾਂ ਦੀਆਂ ਸਿਫਤਾਂ ਦਾ ਕੋਈ ਥੋੜ੍ਹਾ-ਬਹੁਤਾ ਪ੍ਰਭਾਵ ਰਹਿ ਗਿਆ ਹੋਵੇ ਤੇ ਉਸ ਕਰਕੇ ਹੀ ਉਨ੍ਹਾਂ ਨੇ ਲਾਇਬ੍ਰੇਰੀ ਸਬੰਧੀ ਸੱਚਾਈ ਨੂੰ ਮੰਨ ਲਿਆ ਹੋਵੇ ! ਜਾਂ ਫੇਰ ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਦਿਨਾਂ ਦੌਰਾਨ ਕੁਝ ਗੁੰਡਿਆਂ ਵੱਲੋਂ ਈਸਾਈ ਸੰਸਥਾਵਾਂ ਅਤੇ ਅਬਲਾਵਾਂ ਉੱਪਰ ਹਮਲੇ ਹੋ ਰਹੇ ਹੋਣ ਕਰਕੇ ਸ਼੍ਰੀ ਜਾਰਜ ਫਰਨਾਂਡੇਜ਼ ਨੂੰ ਸਿੱਖਾਂ ਦੇ ਸਾਥ ਦੀ ਜ਼ਰੂਰਤ ਮਹਿਸੂਸ ਹੋਈ ਹੋਵੇ; ਕਿਉਂਕਿ ਦੋ ਵਿਅਕਤੀ ਜਾਂ ਦੋ ਕਮਿਊਨਿਟੀਆਂ ਜੋ ਕਿ ਇਕ ਜ਼ਾਲਮ ਦੇ ਜ਼ੁਲਮ ਦਾ ਸ਼ਿਕਾਰ ਬਣਦੀਆਂ ਹਨ, ਉਨ੍ਹਾਂ ਦਾ ਇਕ-ਦੂਜੇ ਦੇ ਨੇੜੇ ਆਉਣਾ ਕੁਦਰਤੀ ਹੈ। ਸਾਂਝੇ ਜ਼ਾਲਮ ਦੁਸ਼ਮਣ ਤੋਂ ਬਚਾ ਕਰਨ ਦੀ ਭਾਵਨਾ ਦੋ ਮਜ਼ਲੂਮਾਂ ਨੂੰ ਮਿੱਤਰ ਬਣਨ ਵਿਚ ਸਹਾਈ ਹੋ ਜਾਂਦੀ ਹੈ ਅਤੇ ਇਸ ਦੇ ਸਬੂਤ ਵਜੋਂ ਇਕ ਤੋਂ ਵੱਧ ਥਾਵਾਂ 'ਤੇ ਕੁਝ ਸਿੱਖ ਨੌਜਵਾਨਾਂ ਨੇ ਆਪਣੀ ਜਾਨ ਨੂੰ ਖ਼ਤਰੇ ਵਿਚ ਪਾ ਕੇ, ਈਸਾਈ ਸੰਤਣੀਆਂ ਦੀ ਬੇਪਤੀ ਕਰਨ ਤੋਂ ਗੁੰਡਿਆਂ ਨੂੰ ਰੋਕ ਕੇ ਭਜਾਇਆ ਵੀ ਕੈ।

ਉਪਰੋਕਤ ਦੋਵੇਂ ਕਾਰਨਾਂ ਵਿੱਚੋਂ ਕੋਈ ਇਕ ਜਾਂ ਦੋਵੇਂ ਵੀ ਹੋਣ ਤਾਂ ਧੰਨਭਾਗ! ਪਰ ਇਕ ਤੀਜਾ ਕਾਰਨ ਵੀ ਹੋ ਸਕਦਾ ਹੈ ਜਿਸ ਤੋਂ ਜ਼ਿੰਮੇਵਾਰ ਸਿੱਖ ਵਿਅਕਤੀਆਂ, ਸੰਸਥਾਵਾਂ ਅਤੇ ਵਿਦਵਾਨਾਂ ਨੂੰ ਬੜੀ ਸਾਵਧਾਨੀ ਵਰਤਣ ਦੀ ਜ਼ਰੂਰਤ ਹੈ। ਇਕ ਸਾਹਮਣੇ ਵਾਪਰੀ ਘਟਨਾ ਦਾ ਜ਼ਿਕਰ ਕਰਦਾ ਹਾਂ। ੧੯੮੫ ਦੇ ਤਕਰੀਬਨ ਅੱਧ ਜਿਹੇ ਦਾ ਵਾਕਿਆ ਹੈ। ਬ੍ਰਿਸਬਿਨ ਦੇ ਇਕ ਸਬਅਰਬ ਵਿਚ ਕਿਸੇ ਸੱਜਣ ਦੇ ਘਰ ਕੁਝ ਸਿੱਖ ਸਰਦਾਰ ਰਾਤ ਦੇ ਭੋਜਨ ਉੱਪਰ ਇਕੱਤਰ ਹੋਏ ਸਨ। ਘਰ ਵਾਲੇ ਸੱਜਣ ਦਾ ਨਾਂ ਹੁਣ ਮੈਨੂੰ ਯਾਦ ਨਹੀਂ ਰਿਹਾ। ਓਥੇ ਹੀ, ਉਸ ਸਮੇਂ ਮੁਰਵਿਲੰਬਾ ਅਤੇ ਹੁਣ ਨਾਰਥ ਕਵੀਨਜ਼ੈਂਡ ਵਾਸੀ, ਸ. ਸ਼ਿੰਗਾਰਾ ਸਿੰਘ, ਮੈਨੂੰ ਵੀ ਲੈ ਗਏ। ਗੱਲਬਾਤ ਦੌਰਾਨ ਨਾਰਥ ਕਵੀਨਜ਼ੈਂਡ ਦੇ ਵਸਨੀਕ ਸ. ਸਤਿਨਾਮ ਸਿੰਘ ਨੇ ਬਹੁਤ ਹੀ ਭੇਤ ਵਾਲੀ ਅਤੇ ਮਹੱਤਵਪੂਰਨ ਗੱਲ ਓਥੇ ਆਖੀ। ਉਨ੍ਹਾਂ ਦੱਸਿਆ ਕਿ ਲਾਇਬ੍ਰੇਰੀ ਸਾੜੀ ਨਹੀਂ ਗਈ ਬਲਕਿ ਓਥੋਂ ਕੱਢ ਕੇ ਲੈ ਜਾਈ ਗਈ ਹੈ। ਮੇਰੇ ਇਸ ਸਵਾਲ 'ਤੇ ਕਿ ਲੈ ਜਾਣ ਦਾ ਕੀ ਫਾਇਦਾ ਸਰਕਾਰ ਨੂੰ ? ਤਾਂ ਉੱਤਰ ਵਿਚ ਉਨ੍ਹਾਂ ਨੇ ਕਿਹਾ ਕਿ ਸਰਕਾਰ ਉਸ ਵਿਚ ਮਨਮਾਨੀਆਂ ਤਬਦੀਲੀਆਂ ਕਰ ਕੇ ਫੇਰ ਵਾਪਸ ਲੋਕਾਂ ਵਿਚ ਪੁਚਾਵੇਗੀ ਤਾਂ ਕਿ ਸਿੱਖ ਸਿਧਾਂਤ, ਸਿੱਖ ਇਤਿਹਾਸ, ਸਿੱਖ ਧਰਮ, ਸਿੱਖ ਫ਼ਲਸਫ਼ੇ ਵਿਚ ਰੋਲ-ਘਚੋਲਾ ਪਾਇਆ ਜਾਵੇ। ਇਨ੍ਹਾਂ ਦੇ ਸ਼ਬਦ-ਗੁਰੂ, ਗੁਰੂ-ਪੰਥ ਵਾਲੀ ਸੋਚ ਨੂੰ ਕੁਰਾਹੇ ਪਾਇਆ ਜਾ ਸਕੇ। ਮੈਨੂੰ ਇਸ ਸਨਸਨੀਖੇਜ਼ ਇੰਕਸ਼ਾਫ 'ਤੇ ਇਤਬਾਰ ਨਾ ਆਇਆ ਤੇ ਸਵਾਲ ਕੀਤਾ, "ਤੁਹਾਨੂੰ ਇਸ ਗੱਲ ਦਾ ਕਿਵੇਂ ਪਤਾ ਹੈ ?" ਤਾਂ ਉੱਤਰ ਮਿਲਿਆ ਕਿ ਉਨ੍ਹਾਂ ਨੂੰ ਕਿਸੇ ਰਿਸ਼ਤੇਦਾਰ ਤੋਂ ਇਸ ਗੱਲ ਦੀ ਸੰਧਕ ਮਿਲੀ ਹੈ।

ਹਾਲਾਂਕਿ ਮੈਂ ਆਪਣੇ ਸੁਭਾਅ ਅਨੁਸਾਰ ਹਰੇਕ ਦੀ ਗੱਲ ਨੂੰ ਸਤਿ ਕਰਕੇ ਹੀ ਮੰਨ ਲੈਂਦਾ ਹਾਂ ਪਰ ਇਹ ਗੱਲ ਮੈਨੂੰ ਅਸੱਤ ਜਿਹੀ ਲੱਗੀ ਤੇ ਮੈਂ ਇਸ ਨੂੰ ਸਰਦਾਰਾਂ ਦੇ ਰਾਤਰੀ ਭੋਜਨ ਦੌਰਾਨ ਮਾਰੀ ਗਈ ਇਕ ਗੱਪ ਹੀ ਸਮਝਿਆ। ਹੁਣ ਉਹ ਸੱਚਾਈ ਬਣ ਕੇ ਸਾਹਮਣੇ ਆਈ ਜਿਸ ਨੂੰ ਏਨਾ ਚਿਰ ਪਹਿਲਾਂ ਮੈਂ ਹਨੇਰੇ ਵਿਚ ਮਾਰੀ ਗਈ ਤਲਵਾਰ ਹੀ ਸਮਝਦਾ ਰਿਹਾ ਸਾਂ। ਸੱਚ ਹੀ ਕਿਸੇ ਨੇ ਕਿਹਾ ਹੈ ਕਿ ਔਲੇ ਦਾ ਖਾਧਾ ਤੇ ਸਿਆਣੇ ਦਾ ਆਖਿਆ ਬਾਅਦ ਵਿਚ ਪਤਾ ਦਿੰਦਾ ਹੈ।

ਇਕ ਅਹਿਮ ਸਵਾਲ ਇਹ ਵੀ ਹੈ ਕਿ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚੋਂ ਲਾਇਬ੍ਰੇਰੀ ਦੇ ਗ੍ਰੰਥਾਂ ਨੂੰ ਫੌਜ ਚੁੱਕ ਕੇ, ਅੰਮ੍ਰਿਤਸਰ ਸਥਿਤ ਆਪਣੇ ਹੈਡ-ਕੁਆਰਟਰਜ਼ ਵਿਚ ਲੈ ਕੇ ਗਈ, ਓਥੇ ਉਨ੍ਹਾਂ ਗ੍ਰੰਥਾਂ ਦੀ ਲਿਸਟ ਤਿਆਰ ਕਰ ਕੇ, ਟਰੰਕਾਂ ਵਿਚ ਲੱਦ ਕੇ, ਕਿਸੇ ਅਣਜਾਣੀ ਥਾਂ 'ਤੇ ਲਿਜਾਇਆ ਗਿਆ ਅਤੇ ਸ. ਜਗਮੀਤ ਸਿੰਘ ਦੀ ਲੋਕ ਸਭਾ ਵਿੱਚ ਦਿੱਤੀ ਗਈ ਸਪੀਚ ਅਨੁਸਾਰ, ਉਹ ਗ੍ਰੰਥ ਅਤੇ ਸਾਡਾ ਪੰਜ ਸਦੀਆਂ ਦਾ ਧਾਰਮਿਕ ਤੇ ਇਤਿਹਾਸਕ ਸਾਹਿਤ, ਮੇਰਠ ਵਿਖੇ ਫੌਜੀ ਕੰਟਰੋਲ ਵਿਚ ਰੱਖਿਆ ਗਿਆ; ਪਰ ਹੁਣ ਰੱਖਿਆ ਮੰਤਰੀ ਆਖ ਰਹੇ ਹਨ ਕਿ ਉਹ ਸਾਰਾ ਕੁਝ ਸੀ. ਬੀ. ਆਈ. ਪਾਸ ਹੈ। ਕੀ ਇਨ੍ਹਾਂ ਵਾਕਿਆਤ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਉਨ੍ਹਾਂ ਸਾਰੇ ਗ੍ਰੰਥਾਂ ਦੀ ਸੀ. ਬੀ. ਆਈ. ਦੇ ਅਦਾਰੇ ਅੰਦਰ ਕੰਮ ਕਰਦੇ, ਸਰਕਾਰੀ ਖ੍ਰੀਦੇ ਹੋਏ ਵਿਦਵਾਨਾਂ ਪਾਸੋਂ ਛਾਣ-ਬੀਣ ਕਰਵਾ ਕੇ ਤੇ ਉਨ੍ਹਾਂ ਵਿਚ ਲੋੜੀਂਦੀ ਅਦਲਾ-ਬਦਲੀ ਕਰ ਕੇ ਤਿਆਰ ਕੀਤਾ ਜਾ ਰਿਹਾ ਹੈ !

-ਗਿਆਨੀ ਸੰਤੋਖ ਸਿੰਘ

# ਵੰਡ ਕੇ ਛਕਣਾ



ਕੁਝ ਪ੍ਰਾਪਤ ਕਰਨਾ ਏਡੀ ਵੱਡੀ ਮਿਹਰ ਨਹੀਂ ਜੇਡੀ ਪ੍ਰਾਪਤ ਵਸਤ ਦਾ ਵੰਡ ਕੇ ਛਕਣਾ ਹੈ। ਵੰਡ ਕੇ ਛਕਣ ਵਾਲੇ ਦੈਵੀ ਪਿਆਰ ਦੇ ਸਾਧਕ ਹੁੰਦੇ ਹਨ। ਰੱਬ ਦੇ ਜੀਆਂ ਨੂੰ ਪਿਆਰ ਕੀਤੇ ਬਿਨਾਂ ਅਸੀਂ ਰੱਬ ਨੂੰ ਕਿਵੇਂ ਪਿਆਰ ਕਰ ਸਕਦੇ ਹਾਂ? ਉਸ ਨੂੰ ਪਿਆਰੇ ਕਿਵੇਂ ਲੱਗ ਸਕਦੇ ਹਾਂ ? ਆਪਣੀ ਘਾਲ ਕਮਾਈ ਨੂੰ ਹੋਰਨਾਂ ਨਾਲ ਵੰਡਣਾ ਰੱਬ ਨਾਲ ਪਿਆਰ ਦੀ ਸਾਖ ਭਰਨਾ ਹੈ।

(ਘਾਲਿ ਖਾਇ ਕਿਛੁ ਹਥਹੁ ਦੇਇ ॥ਨਾਨਕ ਰਾਹੁ ਪਛਾਣਹਿ ਸੇਇ ॥)

ਇਹ ਪੂਰਨੇ ਤਾਂ ਬਾਬੇ ਨਾਨਕ ਨੇ ਆਪ ਪਾਏ ਸਨ। ਜਦ ਸੁਲਤਾਨਪੁਰ ਲੋਧੀ ਆਪ ਨੇ ਮੋਦੀਖ਼ਾਨੇ ਦਾ ਕੰਮ ਸੰਭਾਲਿਆ ਤਾਂ " ...ਜੋ ਕੁਛ ਆਲੂਫ਼ਾ -ਭੱਤਾ) ਨਾਨਕ ਨੂੰ ਮਿਲੇ ਖਵਾਇ ਪਰਮੇਸਰ ਕੇ ਅਰਥ ਦੇਵੈ ਅਰਿ ਰਾਤ ਕੋ ਕੀਰਤਨ ਹੋਵੈ।...ਸਭ ਕੋਈ ਰੋਟੀਆਂ ਲੱਗਾ ਬਾਬੇ ਦੇ ਪਿੱਛੇ ਖਾਵਣਿ। ਬਾਬੇ ਦੇ ਪ੍ਰਸਾਦਿ ਸਭ ਸੁਖਾਲੀ ਹੋਈ। ਅਤੈ ਜਾ ਬਾਬੇ ਕੀ ਰਸੋਈ ਹੋਵੈ ਤਾਂ ਸਭ ਆਇ ਬਹਿਨ।(240 ਜਨਮ ਸਾਖੀ।)

ਇਸੇ ਨੇਮ ਵਿੱਚੋਂ ਹੀ ਗੁਰੂ ਕੇ ਲੰਗਰ ਦਾ ਮੁੱਢ ਬੱਝਾ ਹੈ ਤੇ ਉਸ ਵਿੱਚੋਂ ਸੰਗਤ ਤੇ ਪੰਗਤ ਦੀ ਏਕਤਾ ਸਥਾਪਿਤ ਹੋਈ ਹੈ। ਵੰਡ ਛਕਣ ਦੇ ਆਸ਼ੇ ਵਿੱਚੋਂ ਹੀ ਦਸਵੰਧ ਦੀ ਸੰਸਥਾ ਸਥਾਪਿਤ ਹੋਈ ਤੇ ਸਿੱਖਾਂ ਦੀ ਦਸਵੰਧ ਤੋਂ ਜੁੜੀ ਮਾਇਆ ਕੌਮ ਦੀ ਉਸਾਰੀ ਲਈ ਖ਼ਰਚੀਣ ਲੱਗੀ। ਆਪਣੀ ਕਮਾਈ ਦਾ ਦਸਵਾਂ ਹਿੱਸਾ ਧਰਮ ਕਾਰਜਾਂ ਲਈ ਕੱਢਣਾ ਸਿੱਖਾਂ ਲਈ ਰਹਿਤ ਦਾ ਭਾਗ ਬਣ ਗਿਆ:

ਦਸ ਨਖ ਕਰ ਜੋ ਕਾਰ ਕਮਾਵੈ ॥
ਤਾ ਕਰ ਜੋ ਧਨ ਘਰ ਮੈ ਆਵੈ ॥
ਤਿਸ ਕੇ ਗੁਰ ਦਸੌਂਧ ਜੋ ਦੇਈ ॥
ਸਿੰਘ ਸੁਯਸ਼ ਬਹੁ ਜਗ ਮਹਿ ਲੇਈ ॥
(ਪ੍ਰਸ਼ਨੋਤਰ ਭਾਈ ਨੰਦ ਲਾਲ)

ਵੰਡ ਕੇ ਛਕਣਾ ਸਿੱਖ ਸਮਾਜਵਾਦ ਦਾ ਆਦਰਸ਼-ਵਾਕ ਹੈ। ਸਮਾਜਿਕ ਉੱਨਤੀ ਦੇ ਦੋ ਪੱਖ ਮੰਨੇ ਜਾਂਦੇ ਹਨ: (1) ਵਿਆਪਕ ਉੱਥਾਨ ਤੇ (2) ਸਾਂਝਾ ਕਲਿਆਣ ।

ਵਿਆਪਕ ਉੱਥਾਨ ਸਮੁੱਚੇ ਸਮਾਜ ਦੀਆਂ ਸਮੁੱਚੀਆਂ ਕਿਰਿਆਵਾਂ ਦੀ ਸਫਲਤਾ ਤੇ ਸਮੁੱਚੀ ਭਲਾਈ ਦਾ ਸੰਕਲਪ ਹੈ। 'ਜਹਾਂ ਜਹਾਂ ਖ਼ਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ', 'ਪੰਥ ਕੀ ਜੀਤ', 'ਸਰਬੱਤ ਦਾ ਭਲਾ' ਜਿਹੇ ਵਾਕ ਵਿਆਪਕ ਉੱਥਾਨ ਦੀ ਹੀ ਅਰਦਾਸ ਹਨ। 'ਵੰਡ ਛਕਣ' ਦਾ ਸੰਕਲਪ ਸਾਂਝੇ ਕਲਿਆਣ ਦਾ ਸੰਕਲਪ ਹੈ। ਇਸ ਦਾ ਮੁਲਾਧਾਰ ਵਿਸ਼ਵ-ਪਿਆਰ ਹੈ। ਕਮਿਊਨਿਜ਼ਮ ਵਰਗ-ਪਿਆਰ ਵਾਲੀ ਏਕਤਾ ਦਾ ਹਾਮੀ ਹੈ। ਸਿੱਖ ਸਮਾਜਵਾਦ ਗ਼ਰੀਬਾਂ, ਦਰਦਮੰਦਾਂ ਦੇ ਦੁੱਖ ਨਿਵਾਰਨ ਦਾ ਦਾਅਵੇਦਾਰ ਹੈ, ਪਰ ਅਮੀਰ ਨੂੰ ਨਫ਼ਰਤ ਨਹੀਂ ਕਰਦਾ। ਇਸ ਵਿਚ ਕੋਈ ਕਿਸੇ ਦਾ ਦੁਸ਼ਮਣ ਨਹੀਂ। ਸਭੇ ਸਾਂਝੀਵਾਲ ਹਨ।

***ਡਾ. ਜਸਵੰਤ ਸਿੰਘ ਨੇਕੀ***

### ਬਾਲ ਪਾਠਕਾਂ ਲਈ ਵਿਸ਼ੇਸ਼

# ਪਹਿਲੇ ਪੰਗਤ ਪਾਛੇ ਸੰਗਤ



ਦਰਿਆ ਬਿਆਸ ਦੇ ਕੰਢੇ ਗੋਇੰਦਵਾਲ ਸਾਹਿਬ ਨਾਮ ਦਾ ਇਕ ਨਗਰ ਹੈ। ਇਸ ਨੂੰ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਵਸਾਇਆ ਸੀ। ਇਹ ਅੰਮ੍ਰਿਤਸਰ ਦੇ ਜ਼ਿਲ੍ਹੇ ਵਿਚ ਹੈ (ਮੌਜੂਦਾ ਤਰਨਤਾਰਨ ਜ਼ਿਲ੍ਹਾ)। ਪੂਰਬ ਵੱਲੋਂ ਲਾਹੌਰ ਜਾਣ ਵਾਲੇ ਸ਼ਾਹਰਾਹ ਉਪਰ ਸੀ। ਇਥੇ ਗੁਰੂ ਸਾਹਿਬ ਦੇ ਦਰਸ਼ਨਾਂ ਲਈ, ਦੂਰੋਂ ਨੇੜਿਓਂ ਭਾਰੀ ਗਿਣਤੀ ਵਿਚ ਸਿੱਖ ਸੰਗਤਾਂ ਆਉਂਦੀਆਂ। ਦੂਜੇ ਧਰਮਾਂ ਦੇ ਕਈ ਯਾਤਰੀ ਤੇ ਮੁਸਾਫ਼ਰ ਭੀ ਉਥੇ ਰੁਕ ਜਾਂਦੇ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਅੱਗੇ ਜਾਂਦੇ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਪਰੰਪਰਾ ਅਨੁਸਾਰ, ਇਥੇ ਸ੍ਰੀ ਗੁਰੂ ਅਮਰਦਾਸ ਜੀ ਨੇ ਲੰਗਰ ਚਲਾਇਆ ਹੋਇਆ ਸੀ। ਇਹ ਬੜੇ ਵੱਡੇ ਪੈਮਾਨੇ 'ਤੇ ਸੀ। ਹਰ ਰੋਜ਼ ਸੈਂਕੜੇ ਲੋਕੀਂ ਗੁਰੂ ਜੀ ਦੇ ਲੰਗਰ ਵਿਚ, ਪੰਗਤਾਂ ਵਿਚ ਬੈਠ ਕੇ, ਪ੍ਰਸ਼ਾਦਾ ਛਕਦੇ ਸਨ। ਅਮੀਰ ਗ਼ਰੀਬ ਇਕੱਠੇ ਬੈਠ ਕੇ ਖਾਣਾ ਖਾਂਦੇ। ਸਿੱਖ, ਹਿੰਦੂ ਤੇ ਮੁਸਲਮਾਨ ਇਕੋ ਪੰਗਤ ਵਿਚ ਬੈਠ ਕੇ ਲੰਗਰ ਛਕਦੇ। ਹਿੰਦੂਆਂ ਦੀਆਂ ਸਭ ਜਾਤਾਂ ਬ੍ਰਾਹਮਣ, ਖੱਤਰੀ, ਸ਼ੂਦਰ ਤੇ ਵੈਸ਼ ਇਕੋ ਥਾਂ ਬੈਠ ਕੇ ਭੋਜਨ ਕਰਦੇ ਸਨ। ਇਸ ਲੰਗਰ ਨੂੰ ਲੋਕੀਂ 'ਗੁਰੂ ਕਾ ਲੰਗਰ' ਕਹਿੰਦੇ ਸਨ ਅਤੇ ਇਸ ਦੀ ਸੇਵਾ ਕਰਨਾ ਆਪਣਾ ਮਾਣ ਸਮਝਦੇ। ਲੋਕੀਂ ਗੁਰੂ ਦੇ ਨਾਮ 'ਤੇ ਲੰਗਰ ਵਿਚ ਰਸਦਾਂ ਪਾਂਦੇ। ਗੁਰੂ ਕੀਆਂ ਸੰਗਤਾਂ ਨਾਮ ਬਾਣੀ ਦਾ ਸਿਮਰਨ ਕਰਦੀਆਂ, ਸੇਵਾ ਵਿਚ ਜੁਟੀਆਂ ਰਹਿੰਦੀਆਂ। ਕੋਈ ਪਾਣੀ ਢੋਂਦਾ, ਕੋਈ ਬਾਲਣ ਲਿਆਉਂਦਾ! ਕੋਈ ਦਾਲ ਸਬਜ਼ੀਆਂ ਬਣਾਂਦੇ ਤੇ ਕੋਈ ਪ੍ਰਸ਼ਾਦੇ ਪਕਾਂਦੇ। ਸ੍ਰੀ ਗੁਰੂ ਅਮਰਦਾਸ ਜੀ ਦੇ ਲੰਗਰ ਵਿਚ ਹਰ ਰੋਜ਼ ਖੀਰ ਵੀ ਵਰਤਾਈ ਜਾਂਦੀ ਸੀ।

ਜਿਸ ਤਰ੍ਹਾਂ ਗੁਰੂ ਕੀਆਂ ਸੰਗਤਾਂ ਸੇਵਾ ਕਰਦੀਆਂ, ਉਸੇ ਤਰ੍ਹਾਂ ਗੁਰੂ ਜੀ ਦੇ ਆਪਣੇ ਪਰਿਵਾਰ ਦੇ ਜੀਅ ਵੀ ਹੱਥੀਂ ਸੇਵਾ ਕਰਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ। ਸ੍ਰੀ ਗੁਰੂ ਅਮਰਦਾਸ ਜੀ ਨੇ ਇਹ ਆਦੇਸ਼ ਦਿੱਤਾ ਹੋਇਆ ਸੀ: 'ਪਹਿਲੇ ਪੰਗਤ, ਪਾਛੇ ਸੰਗਤ ।' ਭਾਵ ਇਹ ਕਿ ਪਹਿਲਾਂ ਲੰਗਰ ਵਿਚ ਜਾ ਕੇ ਪੰਗਤਾਂ ਵਿਚ ਬੈਠ ਕੇ ਪ੍ਰਸ਼ਾਦ ਛਕੋ ਅਤੇ ਫਿਰ ਸੰਗਤ ਵਿਚ ਆ ਕੇ ਬੈਠੇ ਗੁਰੂ ਜੀ ਦੇ ਦਰਸ਼ਨ ਕਰਕੇ ਤੇ ਉਪਦੇਸ਼ ਸੁਣ ਕੇ ਖੁਸ਼ੀਆਂ ਹਾਸਲ ਕਰੋ। ਇਹ ਨੇਮ ਹਰੇਕ ਲਈ ਸੀ। ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਣ ਵਾਲੀਆਂ ਸੰਗਤਾਂ ਪਹਿਲਾਂ ਲੰਗਰ ਵਿਚ ਜਾਂਦੀਆਂ ਤੇ ਫਿਰ ਗੁਰੂ ਜੀ ਨੂੰ ਜਾ ਕੇ ਮੱਥਾ ਟੇਕਦੀਆਂ।

ਇਕ ਵਾਰੀ ਲਾਹੌਰ ਜਾਂਦੇ ਹੋਏ, ਮੁਗਲ ਬਾਦਸ਼ਾਹ ਅਕਬਰ ਆਪਣੇ ਵਜ਼ੀਰਾਂ ਅਤੇ ਹੋਰ ਅਹਿਲਕਾਰਾਂ ਦੇ ਨਾਲ ਗੋਇੰਦਵਾਲ ਦੇ ਲਾਗੇ ਬਿਆਸ ਦਰਿਆ ਦੇ ਕੰਢੇ ਆ ਕੇ ਰੁਕਿਆ। ਉਥੇ ਕਈ ਤੰਬੂ ਤੇ ਸ਼ਾਮੀਆਨੇ ਲੱਗ ਗਏ। ਕਈ ਸਿਪਾਹੀਆਂ ਤੇ ਘੋੜਿਆਂ ਸਮੇਤ ਬਾਦਸ਼ਾਹ ਨੇ ਦਰਿਆ ਪਾਰ ਕਰਨਾ ਸੀ। ਉਹ ਰਾਤ ਉਥੇ ਟਿਕਿਆ ਤੇ ਸਵੇਰੇ ਉਸ ਨੇ ਇਹ ਇੱਛਾ ਪਰਗਟ ਕੀਤੀ ਕਿ ਗੁਰੂ ਜੀ ਦੇ ਦਰਸ਼ਨ ਕੀਤੇ ਜਾਣ। ਉਸ ਦੇ ਕੁਝ ਅਹਿਲਕਾਰਾਂ ਨੇ ਗੁਰੂ ਜੀ ਕੋਲ ਅਰਜ਼ ਕੀਤੀ ਕਿ ਬਾਦਸ਼ਾਹ ਅਕਬਰ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹਨ। ਗੁਰੂ ਜੀ ਨੇ ਫੁਰਮਾਇਆ: 'ਬੜੀ ਖੁਸ਼ੀ ਦੀ ਗੱਲ ਹੈ। ਉਨ੍ਹਾਂ ਨੂੰ ਕਹੋ ਕਿ ਉਹ ਪਹਿਲਾਂ ਲੰਗਰ ਵਿਚ ਜਾ ਕੇ ਪ੍ਰਸ਼ਾਦਾ ਛਕਣ ਤੇ ਫਿਰ ਸਾਡੇ ਪਾਸ ਆਉਣ!' ਅਕਬਰ ਨੇ ਇੰਜ ਹੀ ਕੀਤਾ। ਉਸ ਨੇ ਆਮ ਲੋਕਾਂ ਨਾਲ ਪੰਗਤ ਵਿਚ ਬੈਠ ਕੇ ਪ੍ਰਸਾਦਾ ਛਕਿਆ। ਮਗਰੋਂ ਗੁਰੂ ਜੀ ਦੇ ਦਰਸ਼ਨ ਕੀਤੇ। ਉਸਨੇ ਗੁਰੂ ਜੀ ਨੂੰ ਦਸਿਆ: 'ਲੰਗਰ ਵਿਚ ਪ੍ਰਸਾਦਾ ਛਕਦਿਆਂ ਮੈਂ ਆਪ ਜੀ ਦੀ ਪਵਿੱਤਰ ਆਤਮਾ ਦੇ ਦਰਸ਼ਨ ਕਰ ਆਇਆ ਹਾਂ ਜੋ ਕਿ ਸਮਾਨਤਾ ਤੇ ਨਿਮਰਤਾ ਚਾਹੁੰਦੀ ਹੈ। ਹੁਣ ਆਪ ਜੀ ਦੇ ਦਰਸ਼ਨ ਕਰਕੇ ਬਹੁਤ ਖ਼ੁਸ਼ੀ ਹੋਈ ਹੈ।' ਇੰਜ ਹੀ ਹਰੀਪੁਰ ਦਾ ਰਾਜਾ ਆਪਣੀਆਂ ਰਾਣੀਆਂ ਦੇ ਮੰਤਰੀਆਂ ਸਮੇਤ ਗੋਇੰਦਵਾਲ ਗੁਰੂ ਮਹਾਰਾਜ ਦੇ ਦਰਸ਼ਨਾਂ ਲਈ ਆਇਆ ਤਾਂ ਉਸ ਨੇ ਭੀ ਆਮ ਜਨਤਾ ਨਾਲ ਬੈਠ ਕੇ ਲੰਗਰ ਛਕਿਆ ਸੀ ਅਤੇ ਗੁਰੂ ਮਹਾਰਾਜ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ ਸਨ।

ਲੰਗਰ ਖੁੱਲ੍ਹਾ ਬਣਦਾ ਤੇ ਖੁੱਲ੍ਹਾ ਹੀ ਵਰਤਦਾ ਸੀ। ਗੋਇੰਦਵਾਲ ਸਾਹਿਬ ਵਿਚ ਜੋ ਕੁਝ ਪਕਦਾ ਉਹ ਆਏ ਗਏ ਯਾਤਰੀਆਂ ਵਿਚ ਇਕ ਸਮਾਨ ਵਰਤਾ ਦਿੱਤਾ ਜਾਂਦਾ। ਜੋ ਬਚ ਜਾਂਦਾ, ਉਹ ਉੱਚਾ ਹੋਕਾ ਦੇ ਕੇ ਨਗਰ ਦੇ ਲੋੜਵੰਦਾਂ ਵਿਚ ਵੰਡ ਦਿੱਤਾ ਜਾਂਦਾ। ਜੇ ਫਿਰ ਵੀ ਕੁਝ ਬਚ ਜਾਂਦਾ ਤਾਂ ਉਹ ਨਗਰ ਦੇ ਮਾਲ ਡੰਗਰਾਂ ਨੂੰ ਪਾ ਦਿੱਤਾ ਜਾਂਦਾ ।

***ਪ੍ਰਿੰ. ਪ੍ਰਕਾਸ਼ ਸਿੰਘ (ਗੁਰਪੁਰਵਾਸੀ)***

# Asth Guru in Pandemic - Role less Appreciated



Historical Facts The Eighth Guru of the Sikhs is Bal Guru, Guru Harkrishan ji. in 1661, Guru Harkrishan ji was annointed as a Guru at the age of 5 years, by Guru Har Rai Ji, and was constantly challenged by many, maily outside of Sangat, to prove his spiritual mettle. In a balanced manner, like a true saint not affected by ustat/nindya sometimes, he would help the shaking faith of devotees, by demonstrating some unique strengths. One of it, illustratively, was a test of a very egoistic Pandit who wanted to know whether young Guruji was familiar with traditional spiritual literature of India. The story is well known that the Pandit deliberately chose a deaf and dumb, uneducated, illiterate person, Chajju, to test the Guru. Lo behold, Guru simply touched the head of Chajju with the end of his chari, the stick, and suddenly, knowledge and wisdom, was visible in every word uttered in interpreting the Gita. The Pandit was astounded, puntured of ego and fell on thefeet of Guru Harkrishan, pleading forgiveness with folded hands. The mature, benovelent and beloved Guru, smiled and blessed even that Pandit. The sangat saw the 'miracle' and appreciated how the Guru had dispelled the doubt in mind of a arrogant Pandit in such a simple manner, without hampering any law of nature. Such was the astounding wisdom and maturity of our Bala Pritam, eighth Guru of the Sikhs.The popularity of the Guru was obviously expanding, and people flocked to him from all directions. Guru Harkrishan preached the universal message of Guru Nanak, and the message contained in Adi Guru Granth Sahib, compiled by Guru Arjan Dev.Role of Guru and Pandemic of 1664In 1664, Guru Harkrishan ji was on a short visit to Delhi at the invitation of the Emperor, Aurangzeb, for a brief interaction. He was just 8 years, and then Delhi was suddenly caught in the grip of cholera and small pox pandemic. There were no modern medicines and no hospitals. Delhi was mainly old congested city where the outbreak was severe, especially people of all walks of life, including the muslims. The Guru, could have chosen to go back to comforts at Kiratpur as his official engagement in Delhi, and brief interaction with the Emperor was satisfactorily over. Moreover, Kiratpur, and Punjab were not in the grip of any pandemic and were safer places to continue to do parchar of Sikhi. But, No, the young Guru felt he was more needed in Delhi to serve humanity to the best of his capability. He, a spiritual teacher, cannot lose an opportunity to serve other humans in distress. Guru plunged whole-heartedly in sewa, nursing and tending to ailing people in person. The water tank of Bangla Sahib became a hospital point with sick people coming there to meet Guru Harkrishnan, and to get blessings, medicines and treatment. Tirelessly, confidently, Guru interacted with people, giving them hope in midst of fear, despair and helplessness.The Bal Guru was not a child, he had taken tough decisions, and lived each day with it. Finally, one day, he was diagnosed with the symptoms himself. The sangat despaired, but Guru was steadfast any human body is prone to disease he said, and accepting even this ailment as will of God, Guru retired to the banks of Jamuna for his last hours. He was confident and composed till the end, and discussed matters of court and Guruship. Final decision of succession was also planned well - The next Guruship was to go to Baba at Bakala, where Guru Tegh Bahadur ji resided, and who had met him, a few months earlier in Delhi.ConclusionThe last few days of Guru Harkrishan ji was an example of how Guru deliberately chose and immersed into sewa of human race, in total faith of Almighty without worrying about his personal health, welfare and well-being. What mattered to Guru was the interest of human race, even if he had to sacrifice his life in pursuing this effort. It was a clear demonstration to all concerned as to what the priority of a young spiritual - Guru, whom many dismissed simply as a - child, was.This special role of Guru Harkrishan, Bala Prtiam but with ideal objectives of a very mature spiritual master has not been shared with the world by we Sikhs. How, despite the choice, Guru stayed back with the ailing population of Delhi, nurtured them, stood by them in difficult times, and served them at the cost of his own precious life. How lucky the sangat of Delhi was, andGuru, simply a visitor in Delhi, chose to dedicate his life for the sick, ignoring healthier environment available at Kiratpur.Are we Sikhs of Delhi, satisfied that we have done sufficient enough for the gestures of Guru Harkrishan Ji? We dont have a state-of-the-art Medical College and Hospital nor a world renowned university in the name of Guru Harkrishan, not even an iconic Musuem celebrating exclusively the life and sewa of the Guru. We dont even have Research lab dedicated to pandemic reserach in the name of our Guru, the only spiritual master who gave up his life serving the people of city, where he came as a shortterm visitor to meet the Emperor. And the state of Guru Harkishan Public Schools is known to all of us. Is this our dedication to our Bala Pritam?Truely, however, in the traditional spirit of the Gurus teachings, Sikhs have worked tirelessly in the Covid crisis of 2021. This reflects, how the setting of ideals by the Guru in 1664, are still operational in the Sikh community. And hence my suggestions that before next generations forget it, let us institutionalise the Guru's unique message to prioritise only service to human race as ideal objective of Sewa.Courtesy: The Sikh Review

**PROF. CHARAN SINGH**

# ਫਗਵਾੜਾ ਵਿਖੇ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ







ਫਗਵਾੜਾ ਵਿਖੇ ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਨੂੰ ਸਮਰਪਿਤ ਸਮਾਗਮ ਵਿਚ ਭਾਈ ਹਰਪ੍ਰੀਤ ਸਿੰਘ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ। ਇਸ ਸਮਾਗਮ ਵਿੱਚ ਭਾਈ ਰਣਜੀਤ ਸਿੰਘ ਜੀ ਢਡਰੀਆਂ ਵਾਲੇ, ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਸ੍ਰੀ ਰਾਜ ਕੁਮਾਰ ਚੱਬੇਵਾਲ ਜੀ, ਸ. ਪਰਮਜੀਤ ਸਿੰਘ ਜੀ ਰਾਇਪੁਰ (ਮੈਂਬਰ ਸ਼੍ਰੋਮਣੀ ਕਮੇਟੀ) ਅਤੇ ਸ. ਸੁਖਦੇਵ ਸਿੰਘ ਜੀ (ਮੈਂਬਰ ਵਰਕਿੰਗ ਕਮੇਟੀ) ਸ਼ਾਮਲ ਹੋਏ। ਇਸ ਮੌਕੇ ਭਾਈ ਹਰਪ੍ਰੀਤ ਸਿੰਘ ਨੇ ਪੰਥ ਦੇ ਪ੍ਰਸਿੱਧ ਪ੍ਰਚਾਰਕ ਸੰਤ ਭਾਈ ਰਣਜੀਤ ਸਿੰਘ ਜੀ ਢਡਰੀਆਂ ਵਾਲਿਆਂ ਨਾਲ ਪੰਜਾਬ ਪੰਥ ਦੇ ਭਵਿੱਖ ਬਾਰੇ ਲੰਮੀ ਚਰਚਾ ਕੀਤੀ।

# ਹਰਦੀਪ ਸਿੰਘ ਨਿੱਝਰ ਦੀ ਹੱਤਿਆ ਪਿੱਛੇ ਭਾਰਤ ਦਾ ਹੱਥ ਹੋਣ ਦਾ ਦਾਅਵਾ



(ਲੰਦਨ) ਬਰਤਾਨੀਆ ਦੇ ਜਾਸੂਸਾਂ ਦੀ ਰਿਪੋਰਟ ਦੇ ਆਧਾਰ ’ਤੇ ਕੈਨੇਡਾ ਦੇ ਅਧਿਕਾਰੀਆਂ ਨੇ ਖ਼ਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਪਿੱਛੇ ਭਾਰਤ ਦਾ ਹੱਥ ਹੋਣ ਦੇ ਦੋਸ਼ ਲਾਏ ਸਨ। ਇਸ ਹਫ਼ਤੇ ਜਾਰੀ ਨਵੀਂ ਦਸਤਾਵੇਜ਼ੀ ’ਚ ਇਹ ਦਾਅਵਾ ਕੀਤਾ ਗਿਆ ਹੈ।‘ਬਲੂਮਬਰਗ ਓਰੀਜਨਲਸ’ ਦੀ ਭਾਰਤ ਦੇ ਪੱਛਮ ਨਾਲ ਵਿਗੜੇ ਸਬੰਧਾਂ ਬਾਰੇ ਰਿਪੋਰਟ ’ਚ ਕਿਹਾ ਗਿਆ ਹੈ ਕਿ ਬਰਤਾਨਵੀ ਖ਼ੁਫ਼ੀਆ ਏਜੰਸੀ ਨੇ ਕੁਝ ਗੁਪਤ ਕਾਲਾਂ ਨੂੰ ਸੁਣਿਆ ਸੀ, ਜਿਨ੍ਹਾਂ ’ਚ ਕੁਝ ਵਿਅਕਤੀ ਤਿੰਨ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣ ਬਾਰੇ ਚਰਚਾ ਕਰ ਰਹੇ ਸਨ। ਬਰਤਾਨੀਆ ਨੇ ਅਮਰੀਕਾ, ਕੈਨੇਡਾ, ਆਸਟਰੇਲੀਆ ਅਤੇ ਨਿਊਜ਼ੀਲੈਂਡ ਵਿਚਾਲੇ ਖ਼ੁਫ਼ੀਆ ਜਾਣਕਾਰੀ ਸਾਂਝੀ ਕਰਨ ਸਬੰਧੀ ਹੋਏ ਸਮਝੌਤੇ ਤਹਿਤ ਕੈਨੇਡਾ ਦੇ ਅਧਿਕਾਰੀਆਂ ਨੂੰ ਤਿੰਨ ਆਗੂਆਂ ਦੇ ਨਾਮ ਸਾਂਝੇ ਕੀਤੇ ਸਨ, ਜਿਨ੍ਹਾਂ ਨੂੰ ਨਿਸ਼ਾਨਾ ਬਣਾਉਣ ਦੀ ਸੂਹ ਮਿਲੀ ਸੀ। ਵੀਡੀਓ ਦਸਤਾਵੇਜ਼ੀ ’ਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਸਰਕਾਰ ਤਰਫ਼ੋਂ ਕੰਮ ਕਰ ਰਹੇ ਕੁਝ ਬੰਦੇ ਆਪਸ ’ਚ ਗੱਲਬਾਤ ਕਰ ਰਹੇ ਸਨ, ਜਿਨ੍ਹਾਂ ਦੀ ਗੱਲ ਨੂੰ ਸੁਣ ਲਿਆ ਗਿਆ। ਦਸਤਾਵੇਜ਼ੀ ਮੁਤਾਬਕ ਉਹ ਤਿੰਨ ਸੰਭਾਵੀ ਨਿਸ਼ਾਨਿਆਂ ਨਿੱਝਰ, ਅਤਵਾਰ ਸਿੰਘ ਖੰਡਾ ਅਤੇ ਗੁਰਪਤਵੰਤ ਸਿੰਘ ਪੰਨੂ ਬਾਰੇ ਚਰਚਾ ਕਰ ਰਹੇ ਸਨ। ਬਾਅਦ ’ਚ ਇਕ ਹੋਰ ਗੱਲਬਾਤ ਸਾਹਮਣੇ ਆਈ ਕਿ ਕਿਵੇਂ ਨਿੱਝਰ ਸਫ਼ਲਤਾਪੂਰਵਕ ਮਾਰ ਮੁਕਾਇਆ ਗਿਆ ਹੈ। ਬਰਤਾਨਵੀ ਖ਼ਾਲਿਸਤਾਨੀ ਆਗੂ ਖੰਡਾ ਦੀ ਬਰਮਿੰਘਮ ਦੇ ਹਸਪਤਾਲ ’ਚ ਜੂਨ 2023 ’ਚ ਮੌਤ ਹੋ ਗਈ ਸੀ। ਉਹ ਬਲੱਡ ਕੈਂਸਰ ਤੋਂ ਪੀੜਤ ਸੀ ਅਤੇ ਕੁਝ ਜਥੇਬੰਦੀਆਂ ਨੇ ਦੋਸ਼ ਲਾਏ ਸਨ ਕਿ ਉਸ ਨੂੰ ਜਾਨੋਂ ਮਾਰਿਆ ਗਿਆ ਹੈ ਪਰ ਬਰਤਾਨਵੀ ਅਧਿਕਾਰੀਆਂ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਸੀ। ਦਸਤਾਵੇਜ਼ੀ ਨਸ਼ਰ ਹੋਣ ਮਗਰੋਂ ਸਿੱਖ ਫੈਡਰੇਸ਼ਨ ਯੂਕੇ ਨੇ ਕਿਹਾ ਕਿ ਉਸ ਨੇ ਸੁਰੱਖਿਆ ਮੰਤਰੀ ਡੈਨ ਜਾਰਵਿਸ ਨੂੰ ਪੱਤਰ ਲਿਖ ਕੇ ਮੰਗ ਕੀਤੀ ਕਿ ਬਰਤਾਨੀਆ ਸਰਕਾਰ ਕੋਲ ਜੁਲਾਈ 2023 ਤੋਂ ਖ਼ੁਫ਼ੀਆ ਜਾਣਕਾਰੀ ਹੋਣ ਦੇ ਬਾਵਜੂਦ ਇਸ ਨੂੰ ਪਹਿਲਾਂ ਕਿਉਂ ਨਹੀਂ ਸਾਂਝਾ ਕੀਤਾ ਗਿਆ। ਦਸਤਾਵੇਜ਼ੀ ’ਚ ਅਮਰੀਕਾ ਅਧਾਰਿਤ ਪੰਨੂ, ਜਿਸ ਨੂੰ ਭਾਰਤ ਵੱਲੋਂ ਅਤਿਵਾਦੀ ਨਾਮਜ਼ਦ ਕੀਤਾ ਗਿਆ ਹੈ, ਦੀ ਇੰਟਰਵਿਊ ਵੀ ਹੈ, ਜਿਸ ’ਚ ਹਥਿਆਰਬੰਦ ਅੰਗ-ਰੱਖਿਅਕਾਂ ਨਾਲ ਘਿਰਿਆ ਹੋਇਆ ਉਹ ਆਖਦਾ ਹੈ ਕਿ ਉਸ ਦੀ ਜਾਨ ਨੂੰ ਖ਼ਤਰਾ ਹੈ। ਨਿੱਝਰ ਦੀ ਹੱਤਿਆ ਮਗਰੋਂ ਭਾਰਤ ਨੇ ਆਪਣੇ ’ਤੇ ਲੱਗੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਸੀ। ਇਸ ਤੋਂ ਬਾਅਦ ਭਾਰਤ ਅਤੇ ਕੈਨੇਡਾ ਦੇ ਸਬੰਧ ਵਿਗੜ ਗਏ ਸਨ ਅਤੇ ਦੋਵੇਂ ਮੁਲਕਾਂ ਨੇ ਆਪੋ-ਆਪਣੇ ਸਫ਼ੀਰ ਵੀ ਵਾਪਸ ਸੱਦ ਲਏ ਸਨ।

# ਜੈਕਾਰਿਆਂ ਦੀ ਗੂੰਜ ’ਚ ਵਿਕਰਮ ਵੀਰ ਸਿੰਘ ਬਾਵਾ ਨੇ ਗਰੀਸ ’ਚ ਅੰਤਰਰਾਸ਼ਟਰੀ ਪ੍ਰਤੀਯੋਗਤਾ ਵਿੱਚ ਆਇਰਨ ਮੈਨ ਦਾ ਖਿਤਾਬ ਜਿੱਤਿਆ, ਸਿੱਖਾਂ ਅਤੇ ਭਾਰਤ ਦਾ ਮਾਣ ਵਧਾਇਆ

ਅੰਮ੍ਰਿਤਸਰ -ਗੁਰੂ ਘਰਾਂ ਦੀਆਂ ਸੇਵਾਵਾਂ ਦੇ ਨਾਲ ਜੁੜਿਆ ਬਾਵਾ ਪਰਿਵਾਰ ਲਗਾਤਾਰ ਸਿੱਖੀ ਦੇ ਪ੍ਰਚਾਰ ਪ੍ਰਸਾਰ ਵਿੱਚ ਸਮਰਪਿਤ ਭਾਵਨਾ ਨਾਲ ਸੇਵਾ ਨਿਭਾ ਰਿਹਾ ਹੈ। ਬਾਵਾ ਗੁਰਿੰਦਰ ਸਿੰਘ ਦੇ ਬੇਟੇ ਵਿਕਰਮ ਵੀਰ ਸਿੰਘ ਬਾਵਾ ਨੇ ਸਿੱਖੀ ਸਰੂਪ ’ਚ ਰਹਿੰਦਿਆ ਗਰੀਸ ਵਿੱਚ ਆਇਰਨ ਮੈਨ ਦਾ ਖਿਤਾਬ ਹਾਸਲ ਕੀਤਾ ਹੈ। ਇਹ ਖਿਤਾਬ ਵਿਕਰਮ ਵੀਰ ਸਿੰਘ ਬਾਵਾ ਨੇ ਜਦ ਹਾਸਿਲ ਕੀਤਾ ਤਾਂ ਉਸ ਸਮੇਂ ਜੈਕਾਰਿਆਂ ਦੀ ਗੂੰਜ ਨਾਲ ਉਸ ਸਮੇਂ ਦਾ ਮਾਹੌਲ ਦੇਖਣ ਯੋਗ ਸੀ। ਗਰੀਸ ਵਿੱਚ ਹੋਏ ਇਸ ਮੁਕਾਬਲੇ ਦਰਮਿਆਨ ਆਈਰਨ ਮੈਨ ਦਾ ਖਿਤਾਬ ਹਾਸਲ ਕਰਕੇ ਬਾਵਾ ਵਿਕਰਮ ਵੀਰ ਸਿੰਘ ਨੇ ਨੌਜੁਵਾਨਾਂ ਨੂੰ ਸਿੱਖੀ ਸਰੂਪ ਕਾਇਮ ਰੱਖਦਿਆ ਹਰੇਕ ਮੁਕਾਮ ਨੂੰ ਹਾਸਲ ਕਰਨ ਦਾ ਸੁਨੇਹਾ ਦਿੱਤਾ ਹੈ। ਬਾਬਾ ਵਿਕਰਮ ਵੀਰ ਸਿੰਘ ਨੇ ਗਰੀਸ ਵਿਚ ਆਇਰਨ ਮੈਨ ਦਾ ਖਿਤਾਬ ਹਾਸਲ ਕਰਦਿਆਂ ਆਪਣੇ ਖਾਤੇ ਵਿੱਚ ਹੁਣ ਤੱਕ ਤਿੰਨ ਖਿਤਾਬ ਹਾਸਲ ਕਰ ਲਏ ਹਨ। ਬਾਵਾ ਨੇ 2017 ਨੂੰ ਟਰਕੀ ਅਤੇ 2023 ਨੂੰ ਗੋਆ ਵਿੱਚ ਹੋਏ ਮੁਕਾਬਲਿਆਂ ਵਿੱਚ ਵੀ ਆਇਰਨ ਮੈਨ ਦਾ ਖਿਤਾਬ ਹਾਸਲ ਕੀਤਾ ਸੀ। ਮੁੰਬਈ ਦੇ ਆਇਰਨ ਮੈਨ ਵਜੋਂ ਜਾਣੇ ਜਾਂਦੇ ਹੋਟਲ ਕਾਰੋਬਾਰੀ ਲਗਾਤਾਰ ਵੱਖ-ਵੱਖ ਖੇਡਾਂ ਵਿੱਚ ਵੀ ਭਾਗ ਲੈਂਦੇ ਰਹੇ ਹਨ ਅਤੇ ਇਹ ਸੁਨੇਹਾ ਦਿੰਦੇ ਰਹੇ ਹਨ ਕਿ ਸਿੱਖੀ ਸਰੂਪ ਵਿੱਚ ਰਹਿ ਕੇ ਹਰ ਖਿਤਾਬ ਨੂੰ ਹਾਸਲ ਕੀਤਾ ਜਾ ਰਿਹਾ ਸਕਦਾ ਹੈ ਅਤੇ ਆਪਣਾ ਕਾਰੋਬਾਰ ਵੀ ਕੀਤਾ ਜਾ ਸਕਦਾ ਹੈ। ਲਗਾਤਾਰ ਸਫਲ ਕਾਰੋਬਾਰ ਦੇ ਨਾਲ ਸਫਲ ਐਥਲੀਟ ਵਜੋਂ ਵੀ ਆਪਣੇ ਆਪ ਨੂੰ ਵਿਕਰਮ ਵੀਰ ਸਿੰਘ ਬਾਵਾ ਨੇ ਉਭਾਰਿਆ ਹੈ। ਬਾਵਾ ਵਿਕਰਮ ਵੀਰ ਸਿੰਘ ਸ੍ਰੀ ਗੁਰੂ ਅੰਗਦ ਦੇਵ ਜੀ ਦੀ 16ਵੇਂ ਵੰਸ਼ਜ਼ ਹਨ। ਇਸ ਤੋਂ ਪਹਿਲਾਂ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਬਾਅਦ ਬਾਵਾ ਦਾਸੂ ਜੀ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਪਹਿਲੇ ਮੁਖੀ ਜਥੇਦਾਰ ਬਾਬਾ ਬਿਨੋਦ ਸਿੰਘ ਜੀ ਅਤੇ 15ਵੀਂ ਪੀੜੀ ਬਾਵਾ ਗੁਰਿੰਦਰ ਸਿੰਘ ਜੋ ਸਾਰੇ ਸਿੱਖ ਜਗਤ ਵਿੱਚ ਇੱਕ ਸਤਿਕਾਰਤ ਸ਼ਖਸ਼ੀਅਤ ਹਨ ਵਿਕਰਮ ਵੀਰ ਸਿੰਘ ਬਾਬਾ ਦੇ ਪਿਤਾ ਹਨ ਜੋ ਲਗਾਤਾਰ ਗੁਰੂ ਘਰਾਂ ਦੀਆਂ ਸੇਵਾਵਾਂ ਦੇ ਨਾਲ ਨਾਲ ਸਿੱਖ ਸੰਸਥਾਵਾਂ ਵਿਚ ਮੈਂਬਰ ਰਹਿ ਕੇ ਸੇਵਾ ਨਿਭਾ ਰਹੇ ਹਨ। ਵਿਕਰਮ ਵੀਰ ਸਿੰਘ ਬਾਵਾ ਨੇ ਦੱਸਿਆ ਕਿ ਇਸ ਮੁਕਾਬਲੇ ਨੂੰ ਪੂਰਾ ਕਰਨ ਲਈ 1.9 ਕਿਲੋਮੀਟਰ ਸਵਿਮਿੰਗ, 80 ਕਿਲੋਮੀਟਰ ਸਾਈਕਲਿੰਗ ਅਤੇ 21 ਕਿਲੋਮੀਟਰ ਦੌੜ ਦੇ ਮੁਕਾਬਲਿਆਂ ਨੂੰ ਇੱਕ ਹੀ ਦਿਨ ਵਿਚ ਬਿਨਾਂ ਰੁਕੇ ਪੂਰਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਉਹ ਨੌਜੁਵਾਨਾਂ ਨੂੰ ਸੁਨੇਹਾ ਦੇਣਾ ਚਾਹੁੰਦੇ ਹਨ ਕਿ ਸਿੱਖੀ ਸਰੂਪ ਵਿੱਚ ਰਹਿੰਦਿਆਂ ਜਿੱਥੇ ਆਪਾਂ ਵੱਡੇ ਕਾਰੋਬਾਰ ਕਰ ਸਕਦੇ ਹਾਂ, ਉੱਥੇ ਹੀ ਦੁਨੀਆ ਵਿੱਚ ਹਰ ਤਰ੍ਹਾਂ ਦੇ ਮੁਕਾਬਲਿਆਂ ਵਿੱਚ ਵੀ ਭਾਗ ਲੈ ਸਕਦੇ ਹਨ। ਸਿੱਖੀ ਸਰੂਪ ਵਿੱਚ ਰਹਿੰਦਿਆਂ ਹਰੇਕ ਤਰ੍ਹਾਂ ਦੀਆਂ ਖੇਡਾਂ ਵੀ ਖੇਡੀਆਂ ਜਾ ਸਕਦੀਆਂ ਹਨ। ਜਿਸ ਦੀ ਉਦਾਹਰਨ ਉਨ੍ਹਾਂ ਨੇ ਨੌਜੁਵਾਨਾਂ ਅੱਗੇ ਆਇਰਨ ਮੈਨ ਦੇ ਖਿਤਾਬ ਨੂੰ ਹਾਸਲ ਕਰਦਿਆ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਨੌਜੁਵਾਨਾਂ ਨੂੰ ਕਿਹਾ ਕਿ ਆਪਣੇ ਕਾਰੋਬਾਰ ਅਤੇ ਰੋਜ਼ਾਨਾ ਦੀ ਜ਼ਿੰਦਗੀ ਨੂੰ ਬਤੀਤ ਕਰਦਿਆ ਸਿਹਤ ਦਾ ਵੀ ਪੂਰਾ ਧਿਆਨ ਰੱਖੋ। ਸਿਹਤ ਲਈ ਜਿੱਥੇ ਸਾਫ ਸੁਥਰਾ ਤੇ ਪੋਸ਼ਟਿਕ ਖਾਣਾ ਜਰੂਰੀ ਹੈ ਉਥੇ ਹੀ ਸਿਹਤ ਸੰਭਾਲ ਦੇ ਲਈ ਐਕਸਰਸਾਈਜ਼ ਵੀ ਜਰੂਰੀ ਹੈ। ਉਹਨਾਂ ਨੌਜੁਵਾਨ ਪੀੜੀ ਨੂੰ ਖੇਡਾਂ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਪ੍ਰੇਰਿਤ ਕੀਤਾ। ਬਾਵਾ ਨੇ ਕਿਹਾ ਕਿ ਗੁਰੂ ਘਰਾਂ ਦੀ ਸੇਵਾ ਕਰੋ, ਨਾਮ ਜਪੋ ਅਤੇ ਆਪਣੇ ਮਾਪਿਆਂ ਦੀ ਸੇਵਾ ਕਰੋ ਜ਼ਿੰਦਗੀ ਵਿੱਚ ਕਿਸੇ ਕਿਸਮ ਦੀ ਤੋਟ ਨਹੀਂ ਆਵੇਗੀ।



# ਇੰਗਲੈਂਡ ਦੇ ਪ੍ਰਧਾਨ ਮੰਤਰੀ ਨੇ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਮੌਕੇ ਜਾਰੀ ਕੀਤਾ ਸੰਦੇਸ਼



The Labour Party
Rt Hon. Sir Keir Starmer KC
Prime Minister and Leader of the Labour Party

20 Rushworth Street
London, SE1 0SS
0845 092 2299 | labour.org.uk/contact
KeirStarmerLabour
@Keir_Starmer

November 2025

Dear Sadh Sangat Ji,

Waheguru Ji Ka Khalsa, Waheguru Ji Ki Fateh,

The Gurpurabs to mark the birth anniversary of Guru Nanak Dev Ji and the 350th anniversary of the martyrdom of Guru Tegh Bahadur Ji invite both joyous celebration and solemn reflection. Guru Nanak Dev Ji's Gurpurab reminds us of his teachings that we are all one and interconnected, beyond divisions of faith, background, or status. Guru Tegh Bahadur Ji gave his life defending the fundamental rights of all to live with freedom and dignity and to practice their faith freely. His legacy continues to inspire all who value freedom of religion and belief, justice and protecting the vulnerable in society.

Together, these two anniversaries celebrate the enduring message of the Sikh Gurus, to stand for truth, serve selflessly, and build unity in our communities. Their example and the timeless principles of Sarbat da Bhala, working for the welfare of all, have never been more needed. As a community you continue to embody these values through your seva and commitment to Sarbat da Bhala.

At the heart of my vision for Britain is a call for national renewal, for a Britain built for all - underpinned by the values of hard work, decency, patriotism and service. I am committed to leading this national effort, and it is not a task for government alone. Thank you for everything you do, day in day out, to uplift our communities and strengthen the bonds that unite us.

During this month of November, I hope Guru Nanak Dev Ji's wisdom and Guru Tegh Bahadur Ji's valour will continue to guide us towards serving our communities, protecting human rights, and working for greater understanding, peace, and unity.

With respect and gratitude,

Rt Hon. Sir Keir Starmer KC MP
Prime Minister and Leader of the Labour Party

Labour

3016_24 Printed and promoted by Hollie Ridley on behalf of the Labour Party, both at 20 Rushworth Street, London, SE1 0SS. Printed by Potts Print (UK), Nelson Park, 6 Moorland Way, Cramlington, Northumberland, NE23 1WG.

ਪਿਆਰੀ ਸਾਧ ਸੰਗਤ ਜੀ

ਵਾਹਿਗੁਰੂ ਜੀ ਕਾ ਖਾਲਸਾ।।ਵਾਹਿਗੁਰੂ ਜੀ ਕੀ ਫਤਹਿ।।

ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੀ 350ਵੀਂ ਵਰ੍ਹੇਗੰਢ ਮਨਾਉਣ ਲਈ ਗੁਰਪੁਰਬ ਖੁਸ਼ੀ ਦੇ ਜਸ਼ਨ ਅਤੇ ਗੰਭੀਰ ਚਿੰਤਨ ਦੋਵਾਂ ਨੂੰ ਸੱਦਾ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਸਾਨੂੰ ਉਨ੍ਹਾਂ ਦੀਆਂ ਸਿੱਖਿਆਵਾਂ ਦੀ ਯਾਦ ਦਿਵਾਉਂਦਾ ਹੈ ਕਿ ਅਸੀਂ ਸਾਰੇ ਇੱਕ ਹਾਂ ਅਤੇ ਪਿਛੋਕੜ ਜਾਂ ਰੁਤਬੇ ਦੀਆਂ ਵੰਡਾਂ ਤੋਂ ਪਰੇ ਸਾਰੇ ਆਪਸ ਵਿੱਚ ਜੁੜੇ ਹੋਏ ਹਾਂ। ਗੁਰੂ ਤੇਗ ਬਹਾਦਰ ਜੀ ਨੇ ਆਜ਼ਾਦੀ ਅਤੇ ਸਨਮਾਣ ਨਾਲ ਰਹਿਣ ਅਤੇ ਆਪਣੇ ਰੱਬ ਵਿੱਚ ਵਿਸ਼ਵਾਸ ਦਾ ਸੁਤੰਤਰਤਾ ਨਾਲ ਅਭਿਆਸ ਕਰਨ ਦੇ ਸਾਰਿਆਂ ਦੇ ਮੌਲਿਕ ਅਧਿਕਾਰਾਂ ਦੀ ਰੱਖਿਆ ਕਰਦੇ ਹੋਏ ਆਪਣੀ ਸ਼ਹਾਦਤ ਦਿੱਤੀ। ਉਨ੍ਹਾਂ ਦੀ ਵਿਰਾਸਤ ਉਨ੍ਹਾਂ ਸਾਰਿਆਂ ਨੂੰ ਪ੍ਰੇਰਿਤ ਕਰਦੀ ਰਹਿੰਦੀ ਹੈ ਜੋ ਧਰਮ ਅਤੇ ਆਤਮ ਵਿਸ਼ਵਾਸ ਦੀ ਆਜ਼ਾਦੀ, ਨਿਆਂ ਅਤੇ ਸਮਾਜ ਵਿੱਚ ਕਮਜ਼ੋਰ ਲੋਕਾਂ ਦੀ ਰੱਖਿਆ ਦੀ ਕਦਰ ਅਤੇ ਸਨਮਾਨ ਕਰਦੇ ਹਨ। ਇਕੱਠੇ, ਇਹ ਦੋਵੇਂ ਵਰ੍ਹੇਗੰਢ ਸਿੱਖ ਗੁਰੂਆਂ ਦੇ ਸਦੀਵੀ ਸੰਦੇਸ਼, ਸੱਚ ਲਈ ਖੜ੍ਹੇ ਹੋਣਾ, ਨਿਰਸਵਾਰਥ ਸੇਵਾ ਕਰਨਾ ਅਤੇ ਸਾਡੇ ਭਾਈਚਾਰਿਆਂ ਵਿੱਚ ਏਕਤਾ ਬਣਾਉਣ ਦਾ ਜਸ਼ਨ ਮਨਾਉਂਦੇ ਹਨ। ਗੁਰੂ ਸਾਹਿਬਾਨਾਂ ਵੱਲੋਂ ਸਥਾਪਤ ਕੀਤੀਆਂ ਉਦਾਹਰਣਾਂ ਅਤੇ ਸਰਬੱਤ ਦਾ ਭਲਾ ਦੇ ਸਦੀਵੀ ਸਿਧਾਂਤ, ਜੋ ਸਾਰਿਆਂ ਦੀ ਭਲਾਈ ਲਈ ਕੰਮ ਕਰਦੇ ਹਨ, ਅਜੋਕੇ ਸਮੇਂ ਦੀ ਲੋੜ ਬਣ ਗਏ ਹਨ। ਸਿੱਖ ਭਾਈਚਾਰੇ ਦੇ ਤੌਰ ’ਤੇ ਆਪਾਂ ਆਪਣੀ ਸੇਵਾ ਅਤੇ ਸਰਬੱਤ ਦਾ ਭਲਾ ਪ੍ਰਤੀ ਵਚਨਬੱਧਤਾ ਰਾਹੀਂ ਇਨ੍ਹਾਂ ਕਦਰਾਂ-ਕੀਮਤਾਂ ਨੂੰ ਅਪਣਾਉਂਦੇ ਰਹਿੰਦੇ ਹਾਂ।

ਇੰਗਲੈਂਡ ਲਈ ਮੇਰੇ ਦ੍ਰਿਸ਼ਟੀਕੋਣ ਦੇ ਕੇਂਦਰ ਵਿੱਚ ਰਾਸ਼ਟਰੀ ਨਵੀਨੀਕਰਨ ਦਾ ਸੱਦਾ ਹੈ, ਇੱਕ ਅਜਿਹਾ ਇੰਗਲੈਂਡ ਜੋ ਸਾਰਿਆਂ ਲਈ ਸਖ਼ਤ ਮਿਹਨਤ, ਸ਼ਿਸ਼ਟਾਚਾਰ, ਦੇਸ਼ ਭਗਤੀ ਅਤੇ ਸੇਵਾ ਦੇ ਮੁੱਲਾਂ ਦੁਆਰਾ ਬਣਾਇਆ ਗਿਆ ਹੈ। ਮੈਂ ਇਸ ਰਾਸ਼ਟਰੀ ਯਤਨ ਦੀ ਅਗਵਾਈ ਕਰਨ ਲਈ ਵਚਨਬੱਧ ਹਾਂ, ਅਤੇ ਇਹ ਇਕੱਲੇ ਸਰਕਾਰ ਦਾ ਕੰਮ ਨਹੀਂ ਹੈ ਇਹ ਆਪਣੇ ਸਾਰਿਆਂ ਦਾ ਸਾਂਝਾ ਫਰਜ਼ ਵੀ ਹੈ। ਸਾਡੇ ਭਾਈਚਾਰਿਆਂ ਦੇ ਪੱਧਰ ਨੂੰ ਉੱਚਾ ਚੁੱਕਣ ਅਤੇ ਸਾਨੂੰ ਇਕਜੁੱਟ ਕਰਨ ਵਾਲੇ ਬੰਧਨਾਂ ਨੂੰ ਮਜ਼ਬੂਤ ਕਰਨ ਲਈ ਤੁਸੀਂ ਦਿਨ-ਰਾਤ ਜੋ ਵੀ ਕਰਦੇ ਹੋ, ਉਸ ਲਈ ਮੈਂ ਤੁਹਾਡਾ ਧੰਨਵਾਦੀ ਹਾਂ।

ਨਵੰਬਰ ਦੇ ਇਸ ਮਹੀਨੇ ਦੌਰਾਨ, ਮੈਨੂੰ ਉਮੀਦ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਸਾਨੂੰ ਪਰਦਾਨ ਕੀਤੀ ਬੁੱਧੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਹਾਦਰੀ ਸਾਨੂੰ ਸਾਡੇ ਭਾਈਚਾਰਿਆਂ ਦੀ ਸੇਵਾ ਕਰਨ, ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨ ਅਤੇ ਉੱਚੀ ਸੂਝ ਸਮਝ, ਸ਼ਾਂਤੀ ਅਤੇ ਏਕਤਾ ਲਈ ਕੰਮ ਕਰਨ ਵੱਲ ਮਾਰਗਦਰਸ਼ਨ ਕਰਦੀ ਰਹੇਗੀ।

ਸਤਿਕਾਰ ਅਤੇ ਸ਼ੁਕਰਗੁਜ਼ਾਰੀ ਨਾਲ,
ਮਾਣਯੋਗ ਸਰ ਕੀਰ ਸਟਾਰਮਰ ਕੇਸੀ ਐਮ.ਪੀ.
ਇੰਗਲੈਂਡ ਪ੍ਰਧਾਨ ਮੰਤਰੀ ਅਤੇ ਲੇਬਰ ਪਾਰਟੀ ਮੁਖੀ

ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ ‘ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।




ਇੱਕ ਕੋਸ਼ਿਸ਼
ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ
ਪੁਰਖਿਆਂ ਦੀ ਪੈੜ ‘ਚ ਪੈਰ ਧਰਦਾ
‘ਖ਼ਾਲਸਾ ਅਖ਼ਬਾਰ’
ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !

+44 74913 74913
www.khalsaakhbaar.com
editor@khalsaakhbaar.com
@khalsaakhbaar

# 15 ਨਵੰਬਰ ਨੂੰ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼ : ਸ਼ਹੀਦ ਬਾਬਾ ਦੀਪ ਸਿੰਘ ਜੀ

ਬਾਬਾ ਦੀਪ ਸਿੰਘ ਦਾ ਜਨਮ 14 ਮਾਘ ਸੰਮਤ 1739 ਬਿਕਰਮੀ ਨੂੰ ਪਿੰਡ ਪਹੂਵਿੰਡ ਜ਼ਿਲ੍ਹਾ ਤਰਨਤਾਰਨ ਵਿੱਚ ਮਾਤਾ ਜਿਉਣੀ ਜੀ ਦੀ ਕੁੱਖੋਂ ਪਿਤਾ ਭਗਤਾ ਜੀ ਦੇ ਗ੍ਰਹਿ ਵਿੱਚ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਦੀਪਾ ਸੀ ਛੋਟੇ ਹੁੰਦਿਆਂ ਹੀ ਉਨ੍ਹਾਂ ਨੇ ਗੁਰਮੁੱਖੀ ਪੜ੍ਹੀ ਤੇ ਗੁਰਬਾਣੀ ਦਾ ਪਾਠ ਕਰਨਾ ਸਿੱਖਿਆ। ਵਾਹੀ ਵੀ ਕੀਤੀ , ਨੇਜ਼ਾ ਸੁੱਟਣ ਅਤੇ ਘੋੜ ਸਵਾਰੀ ਵੀ ਕੀਤੀ। ਸਰੀਰਕ ਤੌਰ 'ਤੇ ਉਹ ਰਿਸ਼ਟ ਪੁਸ਼ਟ, ਚੰਗੇ ਕੱਦ ਕਾਠ ਵਾਲੇ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ।

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਸਾਜਿਆ ਤਾਂ ਇਸ ਦੀ ਚਰਚਾ ਪਿੰਡ ਪਿੰਡ ਹੋਣ ਲੱਗੀ। ਜਦ ਆਪ ਨੇ ਵੀ ਇਸ ਬਾਰੇ ਸੁਣਿਆ ਤਾਂ ਆਪ ਵੀ ਮਾਤਾ ਪਿਤਾ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿੱਚ ਜਾ ਨਿਵਾਜੇ। ਉਨ੍ਹਾਂ ਨੇ ਵੀ ਗੁਰੂ ਜੀ ਪਾਸੋਂ ਅੰਮ੍ਰਿਤਪਾਨ ਕੀਤਾ। ਉਸ ਸਮੇਂ ਆਪ ਜੀ ਦੀ ਉਮਰ 18 ਸਾਲ ਸੀ ਗੁਰੂ ਜੀ ਨੇ ਉਨ੍ਹਾਂ ਨੂੰ ਕੁਝ ਸਮਾਂ ਅਨੰਦਪੁਰ ਸਾਹਿਬ ਰਹਿਣ ਲਈ ਕਿਹਾ। ਉੱਥੇ ਰਹਿ ਕੇ ਆਪ ਲੰਗਰ ਦੀ ਸੇਵਾ ਦੇ ਨਾਲ ਛੋਟੇ ਬੱਚਿਆਂ ਨੂੰ ਗੁਰਬਾਣੀ ਪੜ੍ਹਾਉਣ ਤੇ ਅਰਥ ਸਮਝਾਉਣ ਦੀ ਸੇਵਾ ਕਰਦੇ ਰਹੇ। ਸਤਿਗੁਰੂ ਜੀ ਨੇ ਆਪ ਨੂੰ ਗੁਰਮੁੱਖੀ, ਅਰਬੀ, ਫਾਰਸੀ ਭਾਸ਼ਾ ਦੀ ਪੜ੍ਹਾਈ ਕਰਾਕੇ ਇੱਕ ਸੁਘੜ ਵਿਦਵਾਨ ਬਣਾ ਦਿੱਤਾ।

ਅਨੰਦਪੁਰ ਵਿਖੇ ਰਹਿੰਦੇ ਹੋਏ ਉਨ੍ਹਾਂ ਭਾਈ ਮਨੀ ਸਿੰਘ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ ਤੇ ਨਾਲ ਹੀ ਸ਼ਸਤਰ ਯੁੱਧ ਵਿੱਚ ਵੀ ਜੂਝਣ ਦੀ ਸਿੱਖਿਆ ਗ੍ਰਹਿਣ ਕੀਤੀ। ਇਸ ਤਰ੍ਹਾਂ 20-22 ਸਾਲ ਦੀ ਉਮਰ ਵਿੱਚ ਆਪ ਇੱਕ ਸੂਝਵਾਨ ਵਿਦਵਾਨ ਤੇ ਸੂਰਬੀਰ ਜੋਧੇ ਬਣ ਗਏ। ਇੱਕ ਪਾਸੇ ਪਵਿੱਤਰ ਗੁਰਬਾਣੀ ਦਾ ਗਿਆਨ ਕਰਵਾਉਂਦੇ ਗੁਰੂ ਜੀ ਦੇ ਆਦੇਸ਼ ਅਨੁਸਾਰ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਾਕੇ ਸਿੱਖਾਂ ਵਿੱਚ ਨਵਾਂ ਧਾਰਮਿਕ ਜੋਸ਼ ਭਰਦੇ, ਦੂਜੇ ਪਾਸੇ ਸਿੰਘ ਸੂਰਮਿਆਂ ਦੇ ਜਥੇ ਤਿਆਰ ਕਰਕੇ ਲੋੜ ਸਮੇਂ ਮੈਦਾਨੇ ਜੰਗ ਭੇਜਦੇ।

ਮੁਕਤਸਰ ਦੀ ਜੰਗ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਈ ਪਿੰਡਾਂ ਤੋਂ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਜੀ ਨਾਲ ਇਸ ਥਾਂ ਗੁਰੂ ਜੀ ਨੂੰ ਮਿਲੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭਾਈ ਮਨੀ ਸਿੰਘ ਤੋਂ ਲਿਖਵਾਉਂਦਿਆਂ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਣੀ ਨੂੰ ਵੀ ਸ਼ਾਮਿਲ ਕਰਵਾਇਆ। ਅੰਤਮ ਰੂਪ ਦਿੰਦਿਆਂ ਬਾਬਾ ਦੀਪ ਸਿੰਘ ਜੀ ਨੇ ਵੀ ਸਹਾਇਤਾ ਕੀਤੀ, ਜਿਨ੍ਹਾਂ ਨੂੰ ਇੱਕ ਸਿੰਘ ਭਾਈ ਸ਼ੇਰ ਸਿੰਘ ਨੂੰ ਪਹੂੰਵਿੰਡ ਭੇਜ ਕੇ ਬੁਲਾਇਆ ਗਿਆ ਸੀ। ਆਪ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਦੇ ਸਨ। ਇਸ ਬੀੜ ਨੂੰ ਦਮਦਮੇ ਸਾਹਿਬ ਵਾਲੀ ਬੀੜ ਕਿਹਾ ਜਾਂਦਾ ਜੋ ਇਸ ਸਮੇਂ ਗੁਰਦੁਆਰਿਆਂ ਵਿੱਚ ਸੁਸ਼ੋਭਿਤ ਹੈ।

ਬਾਬਾ ਦੀਪ ਸਿੰਘ ਦੀ ਲਿਖਾਈ ਅਤੇ ਅੱਖਰਾਂ ਦੀ ਬਨਾਵਟ ਬਹੁਤ ਸੁੰਦਰ ਸੀ। ਗੁਰੂ ਜੀ ਨੇ ਆਪ ਨੂੰ ਚਾਰ ਹੱਥ ਲਿਖਤਾਂ ਬੀੜ ਤਿਆਰ ਕਰਨ ਲਈ ਕਿਹਾ। ਇਹ ਕੰਮ ਬਾਬਾ ਦੀਪ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸੰਪੂਰਨ ਕੀਤਾ ਤੇ ਇਸ ਉਪਰ 1716 ਤੋਂ 1726 ਈ. ਤੱਕ ਦਾ ਸਮਾਂ ਲੱਗਾ ਤੇ ਇਨ੍ਹਾਂ ਬੀੜਾਂ ਨੂੰ ਚਾਰੇ ਤਖ਼ਤਾਂ ਨੂੰ ਭੇਜਿਆ ।

ਬਾਬਾ ਦੀਪ ਸਿੰਘ ਅਰਬੀ ਫ਼ਾਰਸੀ ਦੇ ਵੀ ਵਿਦਵਾਨ ਸਨ ।ਆਪ ਜੀ ਨੇ ਲਗਾਤਾਰ ਮਿਹਨਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਰਬੀ ਭਾਸ਼ਾ ਵਿੱਚ ਤਰਜਮਾ ਕੀਤਾ। ਇਹ ਪਵਿੱਤਰ ਬੀੜ ਸ. ਕ੍ਰਿਪਾਲ ਸਿੰਘ ਦੇ ਕਥਨ ਅਨੁਸਾਰ ਅੱਜ ਕੱਲ੍ਹ ਬਗ਼ਦਾਦ ਯੂਨੀਵਰਸਿਟੀ ਵਿੱਚ ਸੰਭਾਲ ਕੇ ਰੱਖੀ ਹੋਈ ਹੈ।

ਜਦ ਬੰਦਾ ਸਿੰਘ ਬਹਾਦਰ 1709 ਈ. ਵਿੱਚ ਪੰਜਾਬ ਆਇਆ ਤਾਂ ਗੁਰੂ ਸਾਹਿਬ ਦੇ ਅਨੁਯਾਈਆਂ ਵਿੱਚ ਬਾਬਾ ਦੀਪ ਸਿੰਘ ਵੀ ਸਾਬੋ ਕੀ ਤਲਵੰਡੀ ਤੋਂ ਆਣ ਮਿਲੇ। ਉਨ੍ਹਾਂ ਨੇ ਵੱਖ ਵੱਖ ਇਲਾਕਿਆਂ ਨੂੰ ਜਿੱਤਣ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਮਦਦ ਕੀਤੀ। ਬਾਬਾ ਦੀਪ ਸਿੰਘ ਜੀ ਨੇ ਸਿਆਲਕੋਟ ਦੇ ਕੁਝ ਇਲਾਕੇ 'ਤੇ ਕਬਜ਼ਾ ਲਿਆ ਜਿਹੜਾ ਮੁਹੰਮਦ ਅਮੀਨ ਖਾਂ ਕੋਲ ਸੀ ਤੇ ਫਿਰ ਆਪਣੇ ਸਾਥੀਆਂ ਦਯਾਲ ਸਿੰਘ ਤੇ ਨੱਥਾ ਸਿੰਘ ਨੂੰ ਸੌਂਪ ਦਿੱਤਾ। ਸੰਨ 1708 ਤੋਂ 1715 ਸੰਨ ਤੀਕ ਆਪ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਨੂੰ ਪਿੰਡ ਗੁਰਦਾਸ ਨੰਗਲ (ਨੇੜੇ ਗੁਰਦਾਸਪੁਰ) ਵਿੱਚ ਸ਼ਾਹੀ ਫੌਜਾਂ ਘੇਰ ਲਿਆ। ਉਸ ਦਾ ਸਾਥ ਆਪਣੇ ਹੀ ਕਈ ਸਾਥੀ ਛੱਡ ਗਏ। ਹਵੇਲੀ ਅੰਦਰ ਖਾਣ ਪੀਣ ਦਾ ਸਾਮਾਨ ਖ਼ਤਮ ਹੋ ਗਿਆ। ਉਸ ਨੂੰ ਸਾਥੀਆਂ ਸਮੇਤ 7 ਦਸੰਬਰ ਸੰਨ 1715 ਈ. ਨੂੰ ਗ੍ਰਿਫ਼ਤਾਰ ਕਰ ਲਿਆ ਤੇ ਦਿੱਲੀ ਲਿਜਾ ਕੇ 700 ਸਾਥੀਆਂ ਵਿੱਚ ਸ਼ਹੀਦ ਕਰ ਦਿੱਤਾ ਗਿਆ।

17 ਵੀਂ ਸਦੀ ਵਿੱਚ ਸਾਰਾ ਖ਼ਾਲਸਾ ਪੰਥ ਜੰਗਲਾਂ ਅਤੇ ਪਹਾੜਾਂ ਵਿੱਚੋਂ ਬਾਹਰ ਆ ਕੇ ਇਕੱਠਾ ਹੋ ਗਿਆ। ਖ਼ਾਲਸਾ ਪੰਥ 12 ਮਿਸਲਾਂ ਵਿੱਚ ਵੰਡਿਆ ਗਿਆ ਜਿਸ ਦੇ 12 ਮੁੱਖ ਜਥੇਦਾਰ ਥਾਪੇ ਗਏ। ਇਨ੍ਹਾਂ ਵਿੱਚੋਂ ਇੱਕ ਮਿਸਲ ਸੀ ਸ਼ਹੀਦ ਮਿਸਲ ਸੀ । ਬਾਬਾ ਦੀਪ ਸਿੰਘ ਸ਼ਹੀਦ ਮਿਸਲ ਦੇ ਮੁੱਖ ਜਥੇਦਾਰ ਥਾਪੇ ਗਏ। ਇਸ ਸਦੀ ਅੰਦਰ ਭਾਰਤ ਨੂੰ ਵਿਦੇਸ਼ੀ ਹਮਲਾਵਰਾਂ ਨੇ ਖ਼ੂਬ ਲੁਟਿਆ ਤੇ ਇੱਥੋਂ ਦੀਆਂ ਬਹੁ-ਬੇਟੀਆਂ ਦੀ ਇੱਜ਼ਤ ਦਾ ਵੀ ਖਿਲਵਾੜ ਕੀਤਾ। ਮਿਸਲਾਂ ਦੇ ਜਥੇਦਾਰਾਂ ਨੇ ਇਕੱਠੇ ਹੋ ਕੇ ਅਫ਼ਗਾਨ ਧਾੜਵੀਆਂ ਦਾ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ ਤੇ ਭਾਰਤ ਦਾ ਲੁਟਿਆ ਬਹੁਤ ਕੀਮਤੀ ਸਾਮਾਨ ਵਾਪਿਸ ਦਿਵਾਇਆ ਜਾਂਦਾ ਰਿਹਾ।



5 ਫਰਵਰੀ ਸੰਨ 1762 ਈ. ਨੂੰ ਕੁੱਪ ਰਹੀੜੇ ਦੇ ਅਸਥਾਨ 'ਤੇ ਹੋਏ ਵੱਡੇ ਘਲੂਘਾਰੇ ਤੋਂ ਬਾਅਦ ਅਹਿਮਦ ਸ਼ਾਹ ਦੁਰਾਨੀ ਜਦ ਮੁੜਦਿਆਂ ਵਾਪਸ ਲਾਹੌਰ ਵੱਲ ਆਇਆ ਤਾਂ ਰਸਤੇ ਵਿੱਚ ਸਿੰਘਾਂ ਉੱਪਰ ਖਿਝੇ ਹੋਏ ਨੇ ਸਿੰਘਾਂ ਦਾ ਬੀਜ ਨਾਸ ਕਰਨ ਲਈ ਸ੍ਰੀ ਅੰਮ੍ਰਿਤਸਰ ਦਾ ਤਾਲ ਮਿੱਟੀ ਨਾਲ ਭਰਵਾ ਦਿੱਤਾ ਤੇ 10 ਅਪ੍ਰੈਲ ਸੰਨ 1762 ਈ.ਮੁ. 1819 ਬਿਕਰਮੀ ਨੂੰ ਨੀਹਾਂ ਹੇਠ ਬਾਰੂਦ ਦੇ ਕੁੱਪੇ ਰੱਖਵਾ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਉਡਾ ਦਿੱਤਾ।

ਇਸ ਹਮਲੇ ਸਮੇਂ ਅੰਮ੍ਰਿਤਸਰ ਸ਼ਹਿਰ ਦੇ ਇਨਚਾਰਜ ਜਮਾਲ ਖਾਨ ਦੁਆਰਾ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਕਰਨ, ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਸਾਬੋ ਕੀ ਤਲਵੰਡੀ ਦੇ ਅਸਥਾਨ 'ਤੇ ਪੁੱਜੀ ਤਾਂ ਆਪ ਦੇ ਦਿਲ 'ਤੇ ਅਸਹਿ ਸੱਟ ਵੱਜੀ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤ੍ਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਫੈਸਲਾ ਕਰ ਲਿਆ। ਆਸ-ਪਾਸ ਦੇ ਨਗਰਾਂ ਤੇ ਟਿਕਾਣਿਆਂ 'ਤੇ ਇਤਲਾਹ ਦਿੱਤੀ ਗਈ। ਵੱਖ-ਵੱਖ ਨਗਰਾਂ ਤੋਂ ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਵਿੱਚ ਪਾਵਨ ਧਰਮ ਅਸਥਾਨ ਦੀ ਰੱਖਿਆ ਲਈ ਹਾਜ਼ਰ ਹੋਏ। ਇਸ ਤਰ੍ਹਾਂ ਦਲ ਖਾਲਸਾ ਦੀ ਗਿਣਤੀ ਅਣਗਿਣਤ ਹੋ ਗਈ। ਬਿਆਸ ਦਰਿਆ ਪਾਰ ਕਰਕੇ ਸਿੰਘਾਂ ਦਾ ਜੱਥਾ ਮਾਝੇ ਦੇ ਇਲਾਕੇ ਅੰਦਰ ਦਾਖਲ ਹੋਇਆ। ਤਰਨਤਾਰਨ ਸਾਹਿਬ ਦੇ ਪਾਵਨ ਅਸਥਾਨ ਵਿਖੇ ਪਹੁੰਚ ਕੇ ਸਿੰਘਾਂ ਦੇ ਸਾਰੇ ਸਮੂਹ ਨੇ ਅਰਦਾਸ ਕੀਤੀ। ।ਇਸ ਸ਼ਹਿਰ ਤੋਂ ਬਾਹਰ ਆ ਕੇ ਬਾਬਾ ਦੀਪ ਸਿੰਘ ਜੀ ਨੇ ਇੱਕ ਲਕੀਰ ਖਿੱਚੀ ਅਤੇ ਕਿਹਾ ਕਿ ਜੋ ਸ਼ਹੀਦੀ ਪਾਉਣ ਲਈ ਤਿਆਰ ਹੈ, ਉਹ ਇਸ ਲਕੀਰ ਨੂੰ ਪਾਰ ਕਰੇ, ਜਿਹੜਾ ਸ਼ਹੀਦ ਨਹੀਂ ਹੋਣਾ ਚਾਹੁੰਦਾ ਉਹ ਵਾਪਸ ਚਲਿਆ ਜਾਵੇ। ਸਾਰੇ ਸਿੰਘ ਜੈਕਾਰੇ ਗਜਾਉਂਦੇ ਹੋਏ ਲਕੀਰ ਪਾਰ ਕਰਕੇ ਅੰਮ੍ਰਿਤਸਰ ਵੱਲ ਵਧਣ ਲੱਗੇ।

ਤਰਨ ਤਾਰਨ ਤੋਂ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਗੋਹਲਵੜ ਪਿੰਡ ਕੋਲ ਜਾ ਕੇ ਬਾਬਾ ਜੀ ਨੇ ਆਪਣੇ ਸਿੰਘਾਂ ਦੇ ਜਥੇ ਨਾਲ ਦੁਸ਼ਮਣ ਦੀ ਫ਼ੌਜ ਨੂੰ ਲੜਾਈ ਲਈ ਲਲਕਾਰਿਆ। ਇਸ ਜਗ੍ਹਾ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ। ਗੋਹਲਵੜ ਵਿੱਚ ਬਾਬਾ ਜੀ ਦਾ ਸਾਹਮਣਾ ਜਮਾਲ ਖ਼ਾਨ ਨਾਲ ਹੋਇਆ। ਬਾਬਾ ਦੀਪ ਸਿੰਘ ਜੀ 8 ਸੇਰ ਕੱਚੇ ਦਾ ਦੋ-ਧਾਰਾ ਖੰਡਾ ਖੜਕਾਉਂਦੇ ਵੈਰੀਆਂ ਨੂੰ ਸਦਾ ਦੀ ਨੀਂਦ ਸੁਆਉਂਦੇ ਹੋਏ ਅੱਗੇ ਵਧਦੇ ਜਾ ਰਹੇ ਸਨ। ਜਮਾਲ ਖਾਨ ਅੱਗੇ ਵਧਿਆ ਤੇ ਬਾਬਾ ਜੀ 'ਤੇ ਵਾਰ ਕਰਨ ਲੱਗਾ। ਅੱਗੋਂ ਬਾਬਾ ਜੀ ਨੇ ਵੀ ਵਾਰ ਕੀਤਾ। ਇਸ ਸਾਂਝੇ ਵਾਰ ਵਿੱਚ ਬਾਬਾ ਜੀ ਨੇ ਉਸ ਮੁਗ਼ਲ ਕਮਾਂਡਰ ਨੂੰ ਤਾਂ ਥਾਂ 'ਤੇ ਹੀ ਖ਼ਤਮ ਕਰ ਦਿੱਤਾ ਪਰ ਨਾਲ ਹੀ ਇਨ੍ਹਾਂ ਦੀ ਧੌਣ ਉੱਤੇ ਇੱਕ ਘਾਤਕ ਘਾਉ ਲੱਗਾ, ਜਿਸ ਨਾਲ ਬਾਬਾ ਜੀ ਦਾ ਸੀਸ ਧੜ ਤੋਂ ਅਲੱਗ ਹੋ ਗਿਆ। ਇੱਕ ਸਿੰਘ ਨੇ ਹੱਥ ਜੋੜਕੇ ਬਾਬਾ ਜੀ ਨੂੰ ਆਪਣਾ ਪ੍ਰਣ ਯਾਦ ਫੇਰ ਕੀ ਸੀ ਬਚਨ ਕੇ ਬਲੀ ਸੂਰਬੀਰ ਯੋਧੇ ਬਾਬਾ ਜੀ ਦਾ ਧੜ ਹਰਕਤ ਵਿੱਚ ਆ ਗਿਆ ਤੇ ਓਹਨਾ ਆਪਣਾ ਪਾਵਨ ਸੀਸ਼ ਖੱਬੇ ਹੱਥ ਤੇ ਧਰ ਕੇ ਆਪਣਾ ਸਵਾ ਮਣ ਦਾ ਖੰਡਾ ਵਾਹੁੰਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਤਕ ਜਾ ਪਹੁੰਚੇ। ਇਥੋਂ ਤਕ ਅੱਪੜਦਿਆਂ ਬਾਬਾ ਜੀ ਨੇ ਕਈ ਪਠਾਣ ਤੇ ਅਫ਼ਗਾਨ ਮਾਰ ਮੁਕਾਏ ਸਨ। ਇਸ ਤਰ੍ਹਾਂ ਇਸ ਘਮਸਾਨ ਦੀ ਜੰਗ ਅੰਦਰ ਅਫ਼ਗਾਨ ਜਰਨੈਲਾਂ ਦੇ ਮਾਰੇ ਜਾਣ ਨਾਲ ਅਫ਼ਗਾਨੀ ਫੌਜ ਦੇ ਹੌਸਲੇ ਟੁੱਟ ਗਏ ਤੇ ਬਾਬਾ ਦੀਪ ਸਿੰਘ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਅੰਦਰ ਪਹੁੰਚ ਕੇ ਸ਼ਹੀਦੀ ਪ੍ਰਾਪਤ ਕਰ ਗਏ।

ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿੱਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਨੇੜੇ ਇੱਕ ਥੜ੍ਹੇ ਉੱਪਰ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ। ਉਸ ਥੜ੍ਹੇ ਉਂਪਰ ਕੁਝ ਸਿੰਘਾਂ ਦੇ ਨਾਮ ਹੇਠ ਲਿਖੇ ਅਨੁਸਾਰ ਲਿਖੇ ਹੋਏ ਹਨ:

1. ਬਾਬਾ ਦੀਪ ਸਿੰਘ ਜੀ ਸ਼ਹੀਦ ਹੈਂਡ ਜਥੇਦਾਰ
2. ਬਾਬਾ ਬਲਵੰਤ ਸਿੰਘ ਜੀ ਸ਼ਹੀਦ ਜਥੇਦਾਰ
3. ਬਾਬਾ ਹੀਰਾ ਸਿੰਘ ਜੀ ਸ਼ਹੀਦ ਜਥੇਦਾਰ
4. ਬਾਬਾ ਗੰਡਾ ਸਿੰਘ ਜੀ ਸ਼ਹੀਦ ਜਥੇਦਾਰ
5. ਬਾਬਾ ਲਹਿਣਾ ਸਿੰਘ ਜੀ ਸ਼ਹੀਦ ਜਥੇਦਾਰ
6. ਬਾਬਾ ਰਣ ਸਿੰਘ ਜੀ ਸ਼ਹੀਦ ਜਥੇਦਾਰ
7. ਬਾਬਾ ਗੁਪਾਲ ਸਿੰਘ ਜੀ ਸ਼ਹੀਦ ਜਥੇਦਾਰ
8. ਬਾਬਾ ਭਾਗ ਸਿੰਘ ਜੀ ਸ਼ਹੀਦ ਜਥੇਦਾਰ
9. ਬਾਬਾ ਸੱਜਣ ਸਿੰਘ ਜੀ ਸ਼ਹੀਦ ਜਥੇਦਾਰ
10. ਬਾਬਾ ਬਹਾਦਰ ਸਿੰਘ ਜੀ ਸ਼ਹੀਦ ਜਥੇਦਾਰ

ਇਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਜ਼ਾਲਮਾਂ ਤੋਂ ਬਦਲਾ ਲੈਂਦੇ ਹੋਏ ਅਤੇ ਧਰਮ ਤੇ ਕੌਮ ਦੀ ਸ਼ਾਨ ਬਦਲੇ ਆਪਣੀਆਂ ਜਾਨਾਂ ਕੁਰਬਾਨ ਕਰ ਗਏ।

ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਰਾਮਸਰ ਸਾਹਿਬ ਦੇ ਨੇੜੇ ਹੈ, ਜਿੱਥੇ ਅੱਜਕਲ੍ਹ 'ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ' ਸੁਸ਼ੋਭਿਤ ਹੈ। ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਿੱਚ ਜਿੱਥੇ ਬਾਬਾ ਜੀ ਨੇ ਸੀਸ ਭੇਟ ਕੀਤਾ ਸੀ, ਉਥੇ ਵੀ ਪਾਵਨ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ। ਬਾਬਾ ਦੀਪ ਸਿੰਘ ਜੀ ਦਾ ਉਹ ਦੋ-ਧਾਰਾ ਖੰਡਾ ਸ੍ਰੀ ਅਕਾਲ ਤਖਤ ਸਾਹਿਬ ਦੇ ਸ਼ਸਤਰਾਂ ਵਿੱਚ ਸੰਭਾਲ ਕੇ ਰੱਖਿਆ ਗਿਆ, ਜਿਸ ਦੇ ਹਰ ਰੋਜ਼ ਸ਼ਾਮ ਨੂੰ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ ।

ਡਾ.ਚਰਨਜੀਤ ਸਿੰਘ ਗੁਮਟਾਲਾ